ਜੀਨਾ ਮਿਲਰ ਨੇ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਅਪੀਲ ਕੀਤੀ ਸੀ, ਕਿਉਂਕਿ ਹਾਈ ਕੋਰਟ ਨੇ ਆਪਣੇ ਫੈਸਲੇ ਵਿੱ-ਚਕਿਹਾ ਸੀ ਕਿ ਪਾਰਲੀਮੈਂਟ ਨੂੰ ਸਸਪੈਂਡ ਕਰਨ ਦਾ ਫੈਸਲਾ ਪੂਰੀ ਤਰ੍ਹਾਂ ਸਿਆਸੀ ਹੈ ਤੇ ਇਹ ਅਜਿਹਾ ਕੇਸ ਨਹੀਂ ਹੈ ਜਿਸ ਉੱਤੇ ਕੋਰਟ ਸੁਣਵਾਈ ਕਰੇ। ਸਰਕਾਰ ਨੇ ਸਕਾਟਲੈਂਡ ਦੀ ਸੈਸ਼ਨ ਕੋਰਟ ਦੇ ਫੈਸਲੇ ਵਿਰੁੱਧ ਅਪੀਲ ਕੀਤੀ ਸੀ, ਜਿਸ ਨੇ ਪਾਰਲੀਮੈਂਟਸਸਪੈਂਡ ਕਰਨ ਨੂੰ ਗੈਰ-ਕਾਨੂੰਨੀ ਕਿਹਾ ਸੀ। ਸੁਪਰੀਮ ਕੋਰਟ ਨੇ ਜੀਨਾ ਮਿਲਰ ਦੀ ਅਪੀਲ ਦੇ ਹੱਕ ਵਿੱਚ ਫੈਸਲਾ ਦਿੱਤਾ ਹੈ। ਇਸ ਫੈਸਲੇ ਤੋਂ ਬਾਅਦ ਜੀਨਾ ਮਿਲਰ ਨੇ ਕਿਹਾ ਕਿ ਕੋਰਟ ਦਾ ਫੈਸਲਾ ਬਹੁਤ ਕੁਝ ਕਹਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਕੱਲ੍ਹਪਾਰਲੀਮੈਂਟ ਦੇ ਦਰਵਾਜ਼ੇ ਖੋਲ੍ਹ ਦੇਣੇ ਚਾਹੀਦੇ ਹਨ।

ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਪਾਰਲੀਮੈਂਟਸਸਪੈਂਡ ਕਰਨ ਦੇ ਆਪਣੇ ਕਦਮ ਨੂੰ ਸੁਪਰੀਮ ਕੋਰਟ ਤੋਂ ਗੈਰ-ਕਾਨੂੰਨੀ ਠਹਿਰਾਏ ਜਾਣ ਪਿੱਛੋਂ ਇਕ ਵਾਰ ਫਿਰ ਵਿਰੋਧੀ ਧਿਰ ਲੇਬਰ ਪਾਰਟੀ ਨੂੰ ਚੋਣਾਂ ਕਰਾਉਣ ਦੀ ਅਪੀਲ ਕੀਤੀ ਹੈ। ਲੇਬਰ ਪਾਰਟੀ ਦੇ ਨੇਤਾ ਜੈਰੇਮ ਕਾਰਬਿਨ ਵੱਲ ਇਸ਼ਾਰਾ ਕਰਦੇ ਹੋਏ ਜਾਨਸਨ ਨੇ ਨਿਊਯਾਰਕ ਦੌਰੇਦੌਰਾਨ ਪੱਤਰਕਾਰਾਂ ਨੂੰ ਕਿਹਾ ਕਿ ਜਿਹੜੀ ਚੀਜ਼ ਕਰਨੀ ਚਾਹੀਦੀ ਹੈ, ਉਹ ਚੋਣਾਂ ਹਨ। ਜੈਰੇਮੀ ਕਾਰਬਿਨ ਬੇਤੁਕੀਆਂ ਗੱਲਾਂ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਕਾਰਬਿਨ ਨੂੰ ਚੋਣਾਂ ਕਰਾਉਣ ਦਾ ਸਮਰਥਨ ਕਰਨਾ ਚਾਹੀਦਾ ਹੈ। ਜਾਨਸਨ ਬਿਨਾਂ ਕਿਸੇ ਸਮਝੌਤੇ ਦੇ ਅਕਤੂਬਰ ਦੇ ਅੰਤ ਤੱਕ ਬ੍ਰਿਟੇਨ ਨੂੰ ਯੂਰਪੀ ਯੂਨੀਅਨ ਤੋਂ ਵੱਖ ਕਰਾਉਣਾ ਚਾਹੁੰਦੇ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਉਨ੍ਹਾਂ ਨੇ ਸਖਤ ਕਦਮ ਚੁੱਕਦੇ ਹੋਏ ਪਾਰਲੀਮੈਂਟਸਸਪੈਂਡ ਕਰਵਾ ਦਿੱਤੀ ਸੀ, ਪਰ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਨ੍ਹਾਂ ਦਾ ਇਹ ਕਦਮ ਗੈਰ ਸੰਵਿਧਾਨਕ ਹੈ। ਬੁੱਧਵਾਰ ਤੋਂ ਪਾਰਲੀਮੈਂਟ ਦਾ ਸ਼ੈਸ਼ਨ ਫਿਰ ਸ਼ੁਰੂ ਹੋਵੇਗਾ।

# ਰਾਸ਼ਟਰਪਤੀ ਟਰੰਪ ਨੇ ਨਰਿੰਦਰ ਮੋਦੀ ਨੂੰ 'ਫਾਦਰ ਆਫ ਇੰਡੀਆ' ਕਹਿ ਦਿੱਤਾ



ਨਿਊਯਾਰਕ, 24 ਸਤੰਬਰ, (ਪੋਸਟ ਬਿਊਰੋ)- ਯੂ ਐੱਨ ਜਨਰਲ ਅਸੈਂਬਲੀ ਦੇ 74ਵੇਂ ਸੈਸ਼ਨ ਪਿੱਛੋਂ ਮੰਗਲਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਦੁਵੱਲੀ ਗੱਲਬਾਤ ਦੌਰਾਨਪ੍ਰਧਾਨ ਮੰਤਰੀ ਮੋਦੀ ਨੇ 'ਹਾਉਡੀ ਮੋਦੀ' ਪ੍ਰੋਗਰਾਮ ਵਿੱਚ ਆਉਣ ਲਈ ਰਾਸ਼ਟਰਪਤੀ ਟਰੰਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਲਈ ਬਹੁਤ ਮਾਣ ਵਾਲਾ ਸਮਾਂ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਡੋਨਾਲਡ ਟਰੰਪ ਮੇਰੇ ਹੀ ਨਹੀਂ, ਭਾਰਤ ਦੇ ਵੀ ਚੰਗੇ ਦੋਸਤ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ 'ਹਾਉਡੀ ਮੋਦੀ' ਪ੍ਰੋਗਰਾਮ ਦੌਰਾਨ ਲਈ ਗਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਖੁਦ ਉਨ੍ਹਾਂ ਦੀ ਫਰੇਮ ਕੀਤੀ ਹੋਈ ਤਸਵੀਰ ਭੇਟ ਕੀਤੀ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਮੌਕੇ ਆਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੇਰੇ ਚੰਗੇ ਦੋਸਤ ਹਨ,ਪ੍ਰਧਾਨ ਮੰਤਰੀ ਮੋਦੀ ਨੇ ਅੱਤਵਾਦ ਉੱਤੇ ਖੁੱਲ੍ਹੇ ਦਿਲ ਨਾਲ ਗੱਲਬਾਤ ਕੀਤੀ ਤੇ ਆਪਣਾ ਸਪੱਸ਼ਟ ਪੱਖ ਰੱਖਿਆ ਹੈ। ਟਰੰਪ ਨੇ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨੂੰ ਸਖਤ ਸੰਦੇਸ਼ ਦਿੱਤਾ ਹੈ, ਅਸੀਂ ਮਿਲ ਕੇ ਇਸਲਾਮਿਕ ਅੱਤਵਾਦ ਨੂੰ ਸੁਲਝਾਵਾਂਗੇ। ਅਮਰੀਕੀ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਮੋਦੀ ਰਾਕਸਟਾਰ ਐਲਵਿਸ ਪ੍ਰੇਸਲੀ ਵਾਂਗ ਹਰਮਨ ਪਿਆਰੇ ਹਨ, ਮੈਂ ਮੋਦੀ ਨੂੰ ਬਹੁਤ ਪਸੰਦ ਕਰਦਾ ਹਾਂ। ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ 'ਫਾਦਰ ਆਫ ਇੰਡੀਆ' ਵੀ ਕਹਿ ਦਿੱਤਾ।ਦੁਵੱਲੀ ਗੱਲਬਾਤ ਪਿੱਛੋਂ ਡੋਨਾਲਡ ਟਰੰਪ ਨੇ ਮੀਡੀਆ ਨੂੰ ਕਿਹਾ ਕਿ ਦੋਵੇਂ ਦੇਸ਼ਾਂ ਵਿਚਾਲੇ ਬਹੁਤ ਛੇਤੀ ਵਪਾਰਕ ਸੌਦਾ ਹੋਣ ਵਾਲਾ ਹੈ। ਉਨ੍ਹਾ ਕਿਹਾ ਕਿ ਮੈਨੂੰ ਭਰੋਸਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਜਦੋਂ ਇੱਕ-ਦੂਜੇ ਨੂੰ ਮਿਲਣ, ਮੈਨੂੰ ਲੱਗਦਾ ਹੈ ਕਿ ਉਸ ਨਾਲ ਕਈ ਗੱਲਾਂ ਸਾਹਮਣੇ ਆਉਣਗੀਆਂ।

# ਗ੍ਰੇਟਾ ਸਮੇਤ 16 ਵਰਕਰਾਂ ਨੇ ਯੂ ਐੱਨ ਵਿੱਚ ਪੰਜ ਦੇਸ਼ਾਂ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ



ਯੂ ਐੱਨ ਓ, 24 ਸਤੰਬਰ, (ਪੋਸਟ ਬਿਊਰੋ)- ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਵਿਚਦੇਸ਼ਾਂਵੱਲੋਂ ਨਾਂਹ ਕਰਨ ਦੇ ਖਿਲਾਫ ਅਲ੍ਹੜ ਅੰਦੋਲਨ ਦਾ ਚਿਹਰਾ ਬਣਦੀ ਜਾਂਦੀ ਸਵੀਡਿਸ਼ ਕੁੜੀ ਗ੍ਰੇਟਾ ਥਨਬਰਗ ਅਤੇ 15 ਹੋਰ ਵਰਕਰਾਂ ਨੇ ਪੰਜ ਦੇਸ਼ਾਂ ਦੇ ਖਿਲਾਫ ਯੂ ਐੱਨ ਓ ਵਿਚ ਸ਼ਿਕਾਇਤ ਦਰਜ ਕਰਾਈ ਹੈ। ਗ੍ਰੇਟਾ ਨੇ ਦੋਸ਼ ਲਾਇਆ ਕਿ ਗਲੋਬਲ ਵਾਰਮਿੰਗ ਨਾਲ ਨਜਿੱਠਣ ਲਈ ਇਨ੍ਹਾਂ ਦੇਸ਼ਾਂ ਨੇ ਲੋੜ ਮੁਤਾਬਕ ਕਦਮ ਨਹੀਂ ਚੁੱਕੇ।

ਵਰਨਣ ਯੋਗ ਹੈ ਕਿ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਲਈ ਢੁਕਵੇਂ ਕਦਮ ਚੁੱਕਣ ਦੀ ਮੰਗ ਬਾਰੇ ਸੰਸਾਰਕ ਪ੍ਰਦਰਸ਼ਨਾਂ ਤੋਂ ਬਾਅਦ ਇਨ੍ਹਾਂ ਵਰਕਰਾਂ ਨੇ ਇਹ ਸ਼ਿਕਾਇਤ ਦਰਜ ਕਰਾਈ ਹੈ, ਜਿਸ ਵਿਚ ਜਰਮਨੀ, ਫਰਾਂਸ, ਬਰਾਜ਼ੀਲ, ਅਰਜਨਟੀਨਾ ਅਤੇ ਤੁਰਕੀ ਉੱਤੇ ਬਾਲ ਅਧਿਕਾਰ ਸੰਮੇਲਨ ਦੇ ਤਹਿਤ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਦਾ ਦੋਸ਼ ਲਾਇਆ ਗਿਆ ਹੈ। ਸਵੀਡਨ ਦੀ 16 ਸਾਲਾ ਵਰਕਰ ਗ੍ਰੇਟਾ ਥਨਬਰਗ ਤੇ 12 ਵੱਖ-ਵੱਖ ਦੇਸ਼ਾਂ ਦੇ 15 ਹੋਰ ਪਟੀਸ਼ਨਕਰਤਾਵਾਂ,ਜਿਨ੍ਹਾਂ ਦੀ ਉਮਰ 8 ਸਾਲ ਤੋਂ 15 ਸਾਲ ਵਿਚਾਲੇ ਹੈ, ਨੇਇਹ ਸ਼ਿਕਾਇਤ ਦਰਜ ਕਰਾਈ ਹੈ, ਜਿਸ ਵਿਚ ਇਨ੍ਹਾਂ ਪੰਜ ਦੇਸ਼ਾਂ ਉੱਤੇ ਜਲਵਾਯੂ ਪਰਿਵਰਤਨ ਦੇ ਖਿਲਾਫ ਸਮੇਂ ਉੱਤੇ ਕਦਮ ਨਾ ਚੁੱਕ ਕੇ ਬਾਲ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਹੈ।

ਨਿਊਯਾਰਕ ਵਿਚ ਯੂ ਐੱਨ ਜਨਰਲ ਅਸੈਂਬਲੀ ਦੀ ਸ਼ੁਰੂਆਤ ਮੌਕੇ ਇਕ ਵਿਸ਼ੇਸ਼ ਸੈਸ਼ਨ ਦੌਰਾਨ ਗ੍ਰੇਟਾਥਨਬਰਗ ਨੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੀ ਮੱਠੀ ਕਾਰਵਾਈ ਬਾਰੇ ਵਿਸ਼ਵ ਨੇਤਾਵਾਂ ਨੂੰ ਫਿਟਕਾਰ ਲਾਈ ਸੀ। ਗੁੱਸੇ ਵਿਚ ਨਜ਼ਰ ਆ ਰਹੀ ਗ੍ਰੇਟਾ ਨੇ ਸੰਸਾਰ ਨੇਤਾਵਾਂ ਉੱਤੇ ਗ੍ਰੀਨ ਹਾਊਸ ਗੈਸਾਂ ਵਧਣ ਨਾਲ ਨਜਿੱਠਣ ਵਿਚ ਅਸਫਲ ਹੋਣ ਤੇ ਆਪਣੀ ਪੀੜ੍ਹੀ ਨਾਲ ਵਿਸ਼ਵਾਸਘਾਤ ਕਰਨ ਦਾ ਦੋਸ਼ ਲਾਇਆ। ਅਮਰੀਕਾ ਤੋਂ ਬਿਨਾਂਯੂ ਐੱਨ ਓਦੇ ਸਾਰੇ ਮੈਂਬਰ ਦੇਸ਼ਾਂ ਨੇ ਬਾਲ ਸਿਹਤ ਤੇ ਅਧਿਕਾਰ ਰੱਖਿਆ ਨਾਲ ਜੁੜੀ ਸੰਧੀ ਮਨਜ਼ੂਰ ਕਰ ਰੱਖੀ ਸੀ। ਇਹ ਸ਼ਿਕਾਇਤ 2014 ਨੂੰ ਬਣਾਏਬਦਲਵੇਂ ਪ੍ਰੋਟੋਕਾਲ ਦੇ ਤਹਿਤ ਕੀਤੀ ਗਈ, ਜਿਸ ਮੁਤਾਬਕ ਜੇ ਬੱਚਿਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਅਧਿਕਾਰਾਂ ਤੋਂ ਉਨ੍ਹਾਂ ਨੂੰ ਵਾਂਝਾ ਰੱਖਿਆ ਜਾ ਰਿਹਾ ਹੈ ਤਾਂ ਬਾਲ ਅਧਿਕਾਰ ਕਮੇਟੀ ਕੋਲ ਸ਼ਿਕਾਇਤ ਕਰ ਸਕਦੇ ਹਨ। ਕਮੇਟੀ ਇਸ ਬਾਰੇ ਦੋਸ਼ਾਂ ਦੀ ਜਾਂਚ ਕਰਦੀ ਅਤੇ ਸਬੰਧਿਤ ਦੇਸ਼ਾਂ ਨੂੰ ਸਿਫਾਰਿਸ਼ ਕਰਦੀ ਹੈ ਕਿ ਉਹ ਕਿਸ ਤਰ੍ਹਾਂ ਸ਼ਿਕਾਇਤ ਦਾ ਨਿਪਟਾਰਾ ਕਰ ਸਕਦੇ ਹਨ।

ਇੱਕ ਪ੍ਰਮੁੱਖ ਕਾਨੂੰਨੀ ਫਰਮ ਹੈਸਫੇਲਡ ਐਲ ਐਲ ਪੀ ਅਤੇ ਅਰਥਲਾਇਿਸਿਸ ਨੇ 16 ਸਾਲਾ ਗ੍ਰੇਟਾ ਥਨਬਰਗ ਨੂੰ ਹਮਾਇਤ ਦਿੱਤੀ ਹੈ। ਵਕੀਲ ਮਾਈਕਲ ਹੌਸਫੇਲਡ ਨੇ ਕਿਹਾ ਕਿ ਕਮੇਟੀ ਦੀਆਂ ਸਿਫਾਰਸ਼ਾਂ ਕਾਨੂੰਨੀ ਤੌਰ ਉੱਤੇ ਅੜਿੱਕਾ ਨਹੀਂ ਹਨ, ਪਰ 44 ਦੇਸ਼ਾਂ ਨੇ ਪ੍ਰੋਟੋਕਾਲ ਨੂੰ ਮਨਜ਼ੂਰੀ ਦੇ ਕੇ ਉਨ੍ਹਾਂ ਦੇ ਸਨਮਾਨ ਦਾ ਫੈਸਲਾ ਕੀਤਾ ਹੈ। ਆਸ ਹੈ ਕਿ ਆਉਂਦੇ 12 ਮਹੀਨਿਆਂ ਵਿਚ ਸਿਫਾਰਿਸ਼ਾਂ ਸੌਂਪ ਦਿੱਤੀਆਂ ਜਾਣਗੀਆਂ। ਜਿਨ੍ਹਾਂ ਪੰਜ ਦੇਸ਼ਾਂ ਦੇ ਖਿਲਾਫ ਸ਼ਿਕਾਇਤ ਕੀਤੀ ਗਈ, ਉਹ ਪ੍ਰੋਟੋਕਾਲ ਨੂੰ ਮਨਜ਼ੂਰੀ ਦੇਣ ਵਾਲੇ 44 ਦੇਸ਼ਾਂ ਤੇ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲਿਅ ਵਿਚ ਸ਼ਾਮਲ ਹਨ। ਵਿਸ਼ਵ ਵਿਚ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਅਮਰੀਕਾ, ਚੀਨ ਤੇ ਭਾਰਤ ਨੇ ਪ੍ਰੋਟੋਕਾਲ ਨੂੰ ਮਨਜ਼ੂਰੀ ਨਹੀਂ ਦਿੱਤੀ।


# ਸ਼ੋਕ ਸਮਾਚਾਰ

## ਲਖਬੀਰ ਸਿੰਘ ਦਿਓਲ ਸਵਰਗਵਾਸ



ਲਖਬੀਰ ਸਿੰਘ ਦਿਓਲ ਬੀਤੀ 21 ਤਰੀਖ ਦਿਨ ਸ਼ਨਿਚਰਵਾਰ ਨੂੰ ਸ਼ਾਮ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ ਹਨ। ਲਖਬੀਰ ਸਿੰਘ ਦਿਓਲ ਪਿੰਡ ਗੁਰਮ ਨੇੜੇ ਲੁਧਿਆਣਾ ਤੋਂ 1974 ਵਿਚ ਕੈਨੇਡਾ ਆਏ ਸਨ ਤੇ ਉਦੋਂ ਤੋਂ ਹੀ ਲਗਾਤਾਰ ਕਮਿਉਨਿਟੀ ਵਿਚ ਬੜੀ ਹੀ ਸਰਗਰਮੀ ਨਾਲ ਵਿਚਰੇ ਸਨ।ਪਹਿਲਾਂ ਉਨ੍ਹਾਂ ਵਲੋਂ ਵੈਸਟਰਨ ਕਲੱਬ ਬਣਾਈ ਗਈ, ਜਿਹੜੀ ਕਿ ਸੌਕਰ ਦੀ ਕਲੱਬ ਸੀ ਤੇ ਇਸ ਕਲੱਬ ਵਿਚ 1974 ਤੋਂ ਲੈ ਕੇ 1986 ਤੱਕ ਲਗਾਤਾਰ ਗੋਲੀ ਦੇ ਤੌਰ 'ਤੇ ਖੇਡਦੇ ਰਹੇ ਤੇ ਫੇਰ 1986 ਤੋਂ ਮੈਟਰੋ ਸਪੋਰਟਸ ਕਲੱਬ ਨਾਲ ਜੁੜੇ ਰਹੇ। ਲਖਬੀਰ ਸਿੰਘ ਦਿਓਲ ਦੇ ਇਸ ਤਰ੍ਹਾਂ ਚਲੇ ਜਾਣ ਨਾਲ ਮੈਟਰੋ ਪੰਜਾਬੀ ਸਪੋਰਟਸ ਕਲੱਬ ਅਤੇ ਹੋਰ ਸਪੋਰਟਸ ਕਲੱਬਾਂ ਤੇ ਫੈਡਰੇਸ਼ਨਾਂ ਵਿਚ ਸੋਗ ਦੀ ਲਹਿਰ ਹੈ।ਲਖਬੀਰ ਸਿੰਘ ਦਿਓਲ ਦਾ ਅੰਤਮ ਸਸਕਾਰ ਬਰੈਂਪਟਨ ਕ੍ਰੈਮੇਟੋਰੀਅਮ ਸੈਂਟਰ ਵਿਖੇ ਮਿਤੀ 26 ਸਤੰਬਰ, ਦਿਨ ਵੀਰਵਾਰ ਨੂੰ ਦੁਪਿਹਰ 2:30 ਵਜੇ ਤੋਂ 4:30 ਵਜੇ ਤੱਕ ਕੀਤਾ ਜਾਵੇਗਾ ਤੇ ਇਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਡਿਕਸੀ ਰੋਡ 'ਤੇ ਸਥਿਤ ਗੁਰਦੁਆਰਾ ਓਂਟਾਰੀਓ ਖਾਲਸਾ ਦਰਬਾਰ, ਹਾਲ ਨੰਬਰ 2 ਵਿਖੇ ਸ਼ਾਮ 5:30 ਵਜੇ ਤੋਂ ਲੈ ਕੇ 7 ਵਜੇ ਤੱਕ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗੁਰਦੀਪ ਸਿੰਘ ਢਿੱਲੋਂ ਨਾਲ 416 258 0422 ਜਾਂ ਫੇਰ ਹਰਮਨਦੀਪ ਸਿੰਘ ਦਿਓਲ ਨਾਲ 6476693805 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਸਾਂਝ ਸਵੇਰਾ' ਦੇ ਬਾਨੀ ਗੁਰਮੇਲ ਸਿੰਘ ਬਰਾੜ ਨਹੀਂ ਰਹੇ



1974 'ਚ ਕੈਨੇਡਾ ਆਏ ਅਤੇ 1977 'ਚ ਪੰਜਾਬੀ ਦਾ ਪਹਿਲਾ ਪਰਚਾ 'ਸਾਂਝ ਸਵੇਰਾ' ਕੱਢਣ ਵਾਲੇ ਸ. ਗੁਰਮੇਲ ਸਿੰਘ ਬਰਾੜ ਇਸ ਫਾਨੀ ਸੰਸਾਰ ਨੂੰ ਸਦਾ ਅਲਵਿਦਾ ਕਹਿ ਗਏ ਹਨ। ਉਨ੍ਹਾ ਦੇ ਅੰਤਿਮ ਸਸਕਾਰ 30 Barmwin Court, Brampton, Ontario, L6T 5G2 ਵਿਖੇ 11 ਵਜੇ ਤੋਂ ਲੈਕੇ ਹੋਣਗੇ ਅਤੇ ਫਿਰ 2 ਵਜੇ ਤੋਂ 4 ਵਜੇ ਤੱਕ ਓਂਟਾਰੀਓ ਖਾਲਸਾ ਦਰਬਾਰ ਉਨ੍ਹਾਂ ਨਮਿਤ ਰੱਖੇ ਪਾਠ ਦੇ ਭੋਗ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਰਵਿੰਦਰ ਸਿੰਘ ਬਰਾੜ ਨਾਲ 647 323 1876 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹੰਪੀ ਵਿੱਚ ਸੈਲਫੀ ਲੈਂਦੇ ਸਮੇਂ ਦੋ ਵਿਰਾਸਤੀ ਖੰਭੇ ਡੇਗਣ ਵਾਲੇ ਨੂੰ 15 ਦਿਨ ਜੇਲ੍ਹ ਜਾਣਾ ਪਿਆ

ਬੇਲਾਰੀ, 24 ਸਤੰਬਰ (ਪੋਸਟ ਬਿਊਰੋ)- ਕਰਨਾਟਕ ਦੇ ਬੇਲਾਰੀ ਜ਼ਿਲ੍ਹਾ ਵਿੱਚ ਵਿਸ਼ਵ ਵਿਰਾਸਤੀ ਸਥਾਨ ਹੰਪੀ ਵਿੱਚ ਸੈਲਫੀ ਲੈਣ ਵੇਲੇ ਇੱਕ ਵਿਅਕਤੀ ਨੇ ਦੋ ਖੰਭੇ ਡੇਗ ਦਿੱਤੇ। ਉਸ ਨੂੰ 15 ਦਿਨ ਲਈ ਜੇਲ੍ਹ ਭੇਜਿਆ ਗਿਆ ਹੈ। ਭਾਰਤੀ ਪੁਰਾਤੱਤਵ ਸਰਵੇਖਣ ਵਿਭਾਗ ਦੀ ਸ਼ਿਕਾਇਤ ਉੱਤੇ ਕਮਲਾ-ਪੁਰ ਪੁਲਸ ਨੇ ਇਹ ਕਾਰਵਾਈ ਕੀਤੀ ਹੈ।

ਇਸ ਬਾਰੇ ਪੁਲਸ ਨੇ ਦੱਸਿਆ ਕਿ 45 ਸਾਲਾ ਦੋਸ਼ੀ ਨਾਗਰਾਜ ਬੰਗਲੌਰ ਦਾ ਰਹਿਣ ਵਾਲਾ ਹੈ। ਉਹ ਕੱਲ੍ਹ ਹੰਪੀ ਦੀਆਂ ਇਤਿਹਾਸਕ ਵਿਰਾਸਤਾਂ ਨੂੰ ਦੇਖਣ ਲਈ ਗਿਆ ਸੀ। ਦੋਸ਼ੀ ਨੇ ਕਿਹਾ ਕਿ ਉਸ ਨੇ ਖੰਭੇ ਜਾਣਬੁੱਝ ਕੇ ਨਹੀਂ ਡੇਗੇ, ਘੁੰਮਦੇ ਹੋਏ ਜਦ ਉਹ ਵਿਜਿਆ ਵਿੱਠਲਾ ਮੰਡਲ ਨੇੜੇ ਪਹੁੰਚਿਆ ਤਾਂ ਉਸ ਨੇ ਖੰਭੇ ਕੋਲ ਇੱਕ ਸੈਲਫੀ ਲੈਣ ਦੀ ਕੋਸ਼ਿਸ਼ ਕੀਤੀ। ਗਲਤੀ ਨਾਲ ਇੱਕ ਖੰਭਾ ਹੇਠਾਂ ਡਿੱਗ ਗਿਆ, ਜਿਸ ਨਾਲ ਟਕਰਾ ਕੇ ਇੱਕ ਹੋਰ ਖੰਭਾ ਵੀ ਡਿੱਗ ਗਿਆ। ਦੋਸ਼ੀ ਦੇ ਖਿਲਾਫ ਪ੍ਰਾਚੀਨ ਸਮਾਰਕ ਤੇ ਪੁਰਾਤੱਤਵ ਸਥਾਨ ਅਤੇ ਅਵਸ਼ੇਸ਼ ਐਕਟ 1958 ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।

ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

TransExpert NOW HIRING! Skylark LOGISTICS INC.

Highway US Drivers & Owner Operators Wanted

- 2 year experience must
- Drivers paid 60C per mile.
- Midwest runs
- Direct deposit payments .
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.



Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.

KARTAR FURNITURE




Email: kartarfurnitue@live.com

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਵਿਦੇਸ਼ ਪਾਲਸੀ ਉੱਤੇ ਸਿਆਸੀ ਪਾਰਟੀਆਂ ਦੀ ਅਸਪੱਸ਼ਟ ਪਹੁੰਚ

'ਵਿਸ਼ਵ ਪੱਧਰ ਉਤੇ ਕੈਨੇਡਾ ਦੀ ਸਥਿਤੀ ਬਹੁਤ ਖਰਾਬ ਹੋ ਚੁੱਕੀ ਹੈ। ਹਾਲ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਕੈਨੇਡਾ ਦੇ ਵਿਸ਼ਵ ਦੀਆਂ ਚਾਰ ਵੱਡੀਆਂ ਤਾਕਤਾਂ ਅਮਰੀਕਾ, ਰੂਸ, ਚੀਨ ਅਤੇ ਭਾਰਤ ਨਾਲ ਸਬੰਧ ਮਾੜੇ ਨਹੀਂ ਸਗੋਂ ਖਰਾਬ ਹਨ। ਜਿਸ ਸਥਿਤੀ ਉੱਤੇ ਕੈਨੇਡਾ ਪੁੱਜ ਚੁੱਕਾ ਹੈ, ਅਜਿਹਾ ਹਰਗਿਜ਼ ਨਹੀਂ ਸੀ ਹੋਣਾ ਚਾਹੀਦਾ' ਇਹ ਸ਼ਬਦ ਵਿਦੇਸ਼ ਮਾਮਲਿਆਂ ਬਾਰੇ ਮਾਹਰਤਾ ਰੱਖਣ ਵਾਲੇ ਅਤੇ ਟਰੂਡੋ ਸਰਕਾਰ ਦੇ 2015 ਵਿੱਚ ਚੋਣ ਜਿੱਤਣ ਤੋਂ ਬਾਅਦ ਦੇ ਮੁੱਢਲੇ ਦਿਨਾਂ ਵਿੱਚ ਸਲਾਹਕਾਰ ਰਹਿ ਚੁੱਕੇ Jocelyn Coulon (ਜੋਸਲਿਨ ਕੂਲੋਨ) ਦੇ ਹਨ। ਉਸਦਾ ਆਖਣਾ ਹੈ ਕਿ ਟਰੂਡੋ ਸਰਕਾਰ ਦੀ ਵਿਦੇਸ਼ ਮਾਮਲਿਆਂ ਬਾਰੇ ਪਹੁੰਚ ਨੇ ਸਟੀਫਨ ਹਾਰਪਰ ਦੀ ਸਰਕਾਰ ਨਾਲੋਂ ਕੋਈ ਵੱਖਰੀ ਪ੍ਰਾਪਤੀ ਕਰਨ ਵਿੱਚ ਮਦਦ ਨਹੀਂ ਕੀਤੀ ਹੈ। 2020 ਵਿੱਚ ਸੰਯੁਕਤ ਰਾਸ਼ਟਰ ਵਿੱਚ ਸੀਟ ਨਾ ਜਿੱਤ ਸੱਕਣ ਵਾਲੀ ਲਿਬਰਲ ਸਰਕਾਰ ਬਾਰੇ ਜੋਸਲਿਨ ਦਾ ਖਿਆਲ ਹੈ ਕਿ ਇਸਨੇ ਸੋਹਣੇ ਮਿੱਠੇ ਸ਼ਬਦਾਂ ਦੇ ਜਾਲ ਤੋਂ ਇਲਾਵਾ ਕੋਈ ਠੋਸ ਕਦਮ ਨਹੀਂ ਚੁੱਕੇ ਹਨ। ਅਜਿਹੀ ਸਥਿਤੀ ਦੇ ਚੱਲਦੇ ਲਿਬਰਲ ਪਾਰਟੀ ਦੇ ਲੀਡਰ ਜਸਟਿਨ ਟਰੂਡੋ ਦਾ ਵਿਦੇਸ਼ ਪਾਲਸੀ ਬਾਰੇ ਵੀਰਵਾਰ ਨੂੰ ਹੋਣ ਵਾਲੀ Munk Debate ਵਿੱਚ ਹਾਜ਼ਰੀ ਭਰਨ ਤੋਂ ਇਨਕਾਰ ਕਰਨਾ ਦੁਰਭਾਗਪੂਰਣ ਕਿਹਾ ਜਾ ਸਕਦਾ ਹੈ।

ਜਸਟਿਨ ਟਰੂਡੋ ਦਾ ਇਸ ਅਹਿਮ ਪਲੇਟਫਾਰਮ ਤੋਂ ਭੱਜ ਜਾਣਾ ਲਿਬਰਲ ਪਾਰਟੀ ਨੂੰ ਨੁਕਸਾਨ ਕਰ ਸਕਦਾ ਹੈ। ਮਜ਼ੇਦਾਰ ਗੱਲ ਇਹ ਕਿ 2015 ਦੇ ਚੋਣ ਪ੍ਰਚਾਰ ਦੌਰਾਨ ਟਰੂਡੋ ਹੋਰੀਂ ਸਟੀਫਨ ਹਾਰਪਰ ਨੂੰ ਕੋਸਦੇ ਥੱਕਦੇ ਨਹੀਂ ਸਨ ਹੁੰਦੇ ਕਿ ਉਸਨੇ ਕੈਨਡਾ ਦੀ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਬਹੁਤ ਨਮੋਸ਼ੀ ਕਰ ਦਿੱਤੀ ਹੈ। ਹਕੀਕਤ ਵਿੱਚ ਵੇਖਿਆ ਕਿਹਾ ਜਾ ਸਕਦਾ ਹੈ ਕਿ ਟਰੂਡੋ ਹੋਰੀਂ ਇਸ ਸਥਿਤੀ ਵਿੱਚ ਸੁਧਾਰ ਲਿਆਉਣ ਦੀ ਥਾਂ ਗਿਰਾਵਟ ਦਾ ਕਾਰਣ ਬਣੇ ਹਨ। ਕਈ ਮਾਮਲਿਆਂ ਜਿਵੇਂ ਕਿ ਨਾਫਟਾ, ਰੂਸ ਆਦਿ ਫਾਈਲਾਂ ਉੱਤੇ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਸਟੈਂਡ ਐਨਾ ਸਖ਼ਤ ਹੁੰਦਾ ਹੈ ਕਿ ਟਰੂਡੋ ਹੋਰੀਂ ਇਹ ਵੀ ਨਹੀਂ ਸਮਝ ਸਕੇ ਕਿ ਇਸ ਬੀਬੀ ਉੱਤੇ ਕਾਬੂ ਕਿਵੇਂ ਰੱਖਣਾ ਹੈ। ਬੇਸ਼ੱਕ ਟਰੂਡੋ ਨੇ 'ਔਰਤ ਪੱਖੀ ਹੋਣ' ਦਾ ਸਵੈ ਹੀ ਆਪਣੇ ਹੱਕ ਵਿੱਚ ਬਥੇਰਾ ਪ੍ਰਚਾਰ ਕੀਤਾ ਹੈ ਪਰ ਲਿਬਰਲ ਸਰਕਾਰ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਔਰਤਾਂ ਦੀ ਸਥਿਤੀ ਸੁਧਾਰਨ ਲਈ ਪੈਸੇ ਸਟੀਫਨ ਹਾਰਪਰ ਤੋਂ ਘੱਟ ਦਾਨ ਕੀਤੇ ਹਨ।

ਟਰੂਡੋ ਦੀ ਅਸਪੱਸ਼ਟ ਨੀਤੀ ਦਾ ਇਹ ਅਰਥ ਇਹ ਨਹੀਂ ਕਿ ਦੂਜੀਆਂ ਪਾਰਟੀਆਂ ਦੇ ਵਿਦੇਸ਼ ਪਾਲਸੀ ਬਾਰੇ ਸਟੈਂਡ ਬਹੁਤ ਸਪੱਸ਼ਟ ਅਤੇ ਉਸਾਰੂ ਹਨ। ਕੰਜ਼ਰਵੇਟਿਵ ਪਾਰਟੀ ਲੀਡਰ ਐਂਡਰੀਊ ਸ਼ੀਅਰ ਦਾ ਦਿਲ ਦਿਮਾਗ ਹਾਲੇ ਵੀ ਹਾਰਪਰ ਯੁੱਗ ਵਿੱਚ ਟਿਕਿਆ ਹੋਇਆ ਹੈ। ਆਪਣੀ ਇਸ ਸੋਚ ਦੀ ਪ੍ਰੋੜਤਾ ਉਸਨੇ ਬੀਤੇ ਦਿਨੀਂ ਮਾਂਟਰੀਅਲ ਵਿੱਚ ਇਹ ਆਖ ਕੇ ਕੀਤੀ ਕਿ ਕੰਜ਼ਰਵੇਟਿਵ ਪਾਰਟੀ ਦੀ ਪਾਲਸੀ ਅਮਰੀਕਾ ਅਤੇ ਇਜ਼ਰਾਈਲ ਨਾਲ ਮੇਲ ਜੋਲ ਰੱਖਣ ਵਾਲੀ ਹੋਵੇਗੀ। ਜਿੱਥੇ ਜਸਟਿਨ ਟਰੂਡੋ ਪਿਛਲੇ ਸਾਲ ਭਾਰਤ ਫੇਰੀ ਦੌਰਾਨ ਆਪਣਾ ਖੂਬ ਮਜਾਕ ਉਡਾ ਚੁੱਕਿਆ ਹੈ, ਉੱਥੇ ਐਂਡਰੀਊ ਸ਼ੀਅਰ ਨੇ ਇਹ ਕਸੂਤਾ ਪ੍ਰਭਾਵ ਦੇਣ ਵਿੱਚ ਕਸਰ ਨਹੀਂ ਛੱਡੀ ਕਿ ਉਹ ਭਾਰਤ ਨੂੰ ਖੁਸ਼ ਕਰਨ ਲਈ ਹਰ ਹੱਦ ਬੰਨਾ ਪਾਰ ਕਰ ਸਕਦਾ ਹੈ। ਐਨ ਡੀ ਪੀ ਦੇ ਲੀਡਰ ਜਗਮੀਤ ਸਿੰਘ ਵਿਦੇਸ਼ ਪਾਲਸੀ ਨੂੰ ਲੈ ਕੇ ਅੱਜ ਕੱਲ ਉਵੇਂ ਹੀ ਗੱਲ ਕਰਦਾ ਹੈ ਜਿਵੇਂ 2015 ਵਿੱਚ ਟਰੂਡੋ ਕਰਿਆ ਕਰਦਾ ਸੀ। ਉਹ ਸਾਊਦੀ ਅਰਬੀਆ ਨੂੰ ਹਥਿਆਰਾਂ ਦੀ ਸੇਲ ਉੱਤੇ ਪਾਬੰਦੀ ਲਾਉਣ ਅਤੇ ਕੈਨੇਡੀਅਨ ਹਥਿਆਰਾਂ ਦੀ ਸੇਲ ਕਾਰਣ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਰੋਕਣ ਦੀ ਗੱਲ ਕਰਦਾ ਹੈ ਪਰ ਇਹ ਕਿੰਝ ਕੀਤਾ ਜਾਵੇਗਾ, ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ।

ਅੰਤਰਰਾਸ਼ਟਰੀ ਸਟੇਜ ਉੱਤੇ ਸਥਿਤੀ ਇਹ ਬਣ ਰਹੀ ਹੈ ਕਿ ਚੀਨ, ਬਰਾਜ਼ੀਲ, ਤੁਰਕੀ ਅਤੇ ਭਾਰਤ ਵਰਗੇ ਦੇਸ਼ ਆਪਣੇ ਅਧਿਕਾਰਾਂ ਨੂੰ ਲੈ ਕੇ ਮਜ਼ਬੂਤ ਹੋ ਰਹੇ ਹਨ। ਵਿਸ਼ਵ ਜੰਗ ਤੋਂ ਬਾਅਦ ਇਹ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ ਕਿ ਇਹ ਮੁਲਕ ਅਤੇ ਆਪੋ ਆਪਣੇ ਖਿੱਤਿਆਂ ਵਿੱਚ ਖੇਤਰੀ ਸਿਆਸਤ (Geopolitics), ਵਿੱਤ ਅਤੇ ਟਰੇਡ ਨੂੰ ਪ੍ਰਭਾਵਿਤ ਕਰਨ ਵਿੱਚ ਸਫ਼ਲ ਹੋ ਰਹੇ ਹਨ। ਇਸਦੇ ਉਲਟ ਕੈਨੇਡਾ ਦਾ ਨਾਟੋ ਵਿੱਚ ਰੋਲ ਕਮਜ਼ੋਰ ਹੋ ਰਿਹਾ ਹੈ, ਅਮਰੀਕਾ ਨਾਲ ਸਬੰਧ ਨਿਘਾਰ ਉੱਤੇ ਹਨ ਖਾਸਕਰਕੇ ਨਾਫਟਾ ਅਤੇ ਟਰੂਡੋ-ਟਰੰਪ ਦੇ ਨਿੱਜੀ ਸਬੰਧਾਂ ਨੂੰ ਲੈ ਕੇ। ਚੀਨ, ਰੂਸ, ਸਾਊਦੀ ਅਰਬੀਆ ਨਾਲ ਪਿਛਲੇ ਦੋ ਸਾਲਾਂ ਵਿੱਚ ਪੈਦਾ ਹੋਈਆਂ ਸਥਿਤੀਆਂ ਦੱਸਦੀਆਂ ਹਨ ਕਿ ਅਮਰੀਕਾ ਤਾਂ ਕੀ, ਇੰਗਲੈਂਡ, ਫਰਾਂਸ ਅਤੇ ਹੋਰ ਮਿੱਤਰ ਮੁਲਕ ਵੀ ਕੈਨੇਡਾ ਦੇ ਨਾਲ ਖੜਨ ਤੋਂ ਇਨਕਾਰੀ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਅਕਤੂਬਰ ਚੋਣਾਂ ਦੇ ਮੱਦੇਨਜ਼ਰ ਸਿਆਸੀ ਲੀਡਰਾਂ ਦੀ ਵਿਦੇਸ਼ ਪਾਲਸੀ ਬਾਰੇ ਬਹਿਸ ਜਿੰਨੀ ਮਹੱਤਵਪੂਰਣ ਹੈ, ਜਸਟਿਨ ਟਰੂਡੋ ਵੱਲੋਂ ਗੈਰਹਾਜ਼ਰ ਰਹਿਣ ਦੇ ਫੈਸਲੇ ਕਾਰਣ, ਉੱਨੀ ਹੀ ਦਿਸ਼ਾਹੀਣ ਹੋ ਗਈ ਜਾਪਦੀ ਹੈ।

# ਟਰੂਡੋ ਐਲਾਨਾਂ ਦੇ ਗੱਫੇ ਲੈ ਕੇ ਬੀਸੀ ਪਹੁੰਚੇ, ਸ਼ੀਅਰ ਪਹੁੰਚੇ ਓਨਟਾਰੀਓ

...ਪੰਨਾ 1 ਦਾ ਬਾਕੀ

ਉਨ੍ਹਾਂ ਦੇ ਨਾਲ ਉਹ ਸਾਰੇ ਕੰਜ਼ਰਵੇਟਿਵ ਉਮੀਦਵਾਰ ਵੀ ਸਨ ਜਿਹੜੇ ਟੋਰੀ ਉਮੀਦਵਾਰਾਂ ਵੱਲੋਂ ਪਿਛਲੀ ਵਾਰੀ ਖੋਹੇ ਗਏ ਆਪਣੇ ਇਲਾਕੇ ਵਾਪਸ ਲੈਣਾ ਚਾਹੁੰਦੇ ਸਨ। ਦੂਜੇ ਪਾਸੇ ਟਰੂਡੋ ਵੱਲੋਂ ਇੱਕ ਅਜਿਹੀ ਕੰਪਨੀ ਵਿੱਚ ਨਵਾਂ ਐਲਾਨ ਕੀਤਾ ਗਿਆ ਜਿਹੜੀ ਬਰਨਾਬੀ ਵਿੱਚ ਅਤਿ-ਆਧੁਨਿਕ ਤਕਨਾਲੋਜੀ ਨਾਲ ਜੁੜੀਆਂ ਚੀਜ਼ਾਂ ਬਣਾਉਂਦੀ ਹੈ ਜਿਵੇਂ ਕਿ ਇਲੈਕਟ੍ਰਿਕ ਕਾਰਾਂ।

ਇਹ ਐਲਾਨ ਬਰਨਾਬੀ ਸਾਊਥ ਇਲਾਕੇ ਵਿੱਚ ਕੀਤਾ ਗਿਆ ਤੇ ਇਹ ਸੀਟ ਇਸ ਸਮੇਂ ਐਨਡੀਪੀ ਆਗੂ ਜਗਮੀਤ ਸਿੰਘ ਕੋਲ ਹੈ। ਇਸ ਦੌਰਾਨ ਜਗਮੀਤ ਸਿੰਘ ਵੱਲੋਂ ਵਿਨੀਪੈਗ ਵਿੱਚ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਬਾਰੇ ਐਲਾਨ ਕੀਤਾ ਜਾ ਰਿਹਾ ਹੈ। ਫਿਰ ਉਹ ਦਿਨ ਖਤਮ ਹੋਣ ਤੱਕ ਪੱਛਮ ਵਿੱਚ ਉਹ ਆਪਣੇ ਹੋਮ ਡਿਸਟ੍ਰਿਕਟ ਜਾਣਗੇ। ਇਸ ਦੌਰਾਨ ਈਸਟ ਕੋਸਟ ਉੱਤੇ ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਵੱਲੋਂ ਹੈਲੀਫੈਕਸ ਜਾਣ ਤੋਂ ਪਹਿਲਾਂ ਸੈਕਵਿੱਲੇ, ਨਿਊ ਬਰੰਜ਼ਵਿੱਕ ਦੇ ਪੋਸਟ ਆਫਿਸ ਵਿੱਚ ਸਵੇਰੇ ਐਲਾਨ ਕੀਤਾ ਜਾਵੇਗਾ।

# ਹੈਲਥ ਕੇਅਰ ਵਿੱਚ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਲਈ ਪੂਰਾ ਜ਼ੋਰ ਲਾਉਣਗੇ ਲਿਬਰਲ : ਰੂਬੀ ਸਹੋਤਾ



ਬਰੈਂਪਟਨ, 24 ਸਤੰਬਰ (ਪੋਸਟ ਬਿਊਰੋ) : ਹੈਲਥ ਕੇਅਰ ਦੇ ਖੇਤਰ ਵਿੱਚ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਲਈ ਲਿਬਰਲ ਪੂਰਾ ਜ਼ੋਰ ਲਾਉਣਗੇ ਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਬਰੈਂਪਟਨ ਵਿੱਚ ਰਹਿੰਦੇ ਸਾਰੇ ਕੈਨੇਡੀਅਨਾਂ ਕੋਲ ਫੈਮਿਲੀ ਡਾਕਟਰ ਹੋਵੇ। ਮੁੜ ਚੁਣੀ ਗਈ ਲਿਬਰਲ ਸਰਕਾਰ ਤੇ ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਰੂਬੀ ਸਹੋਤਾ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਕੈਨੇਡੀਅਨਾਂ ਕੋਲ ਫੈਮਿਲੀ ਡਾਕਟਰ ਹੋਵੇ, ਮੈਂਟਲ ਸਿਹਤ ਸੇਵਾਵਾਂ, ਪ੍ਰਿਸਕ੍ਰਿਪਸ਼ਨ ਦੇ ਹਿਸਾਬ ਨਾਲ ਕਿਫਾਇਤੀ ਦਵਾਈਆਂ ਤੇ ਨੈਸ਼ਨਲ ਫਾਰਮਾਕੇਅਰ ਤੱਕ ਸਾਰਿਆਂ ਦੀ ਪਹੁੰਚ ਹੋਵੇ।

ਰੂਬੀ ਸਹੋਤਾ ਨੇ ਆਖਿਆ ਕਿ ਕੈਨੇਡਾ ਦਾ ਹੈਲਥ ਕੇਅਰ ਸਿਸਟਮ ਸਾਡੇ ਲਈ ਮਾਣ ਵਾਲੀ ਗੱਲ ਹੈ ਪਰ ਅਜੇ ਵੀ ਕਈ ਲੋਕਾਂ ਨੂੰ ਇਸ ਦਾ ਲਾਭ ਨਹੀਂ ਮਿਲਦਾ। ਅੱਜ ਲੱਗਭਗ ਪੰਜ ਮਿਲੀਅਨ ਕੈਨੇਡੀਅਨਾਂ ਦੀ ਫੈਮਿਲੀ ਡਾਕਟਰ ਜਾਂ ਪ੍ਰਾਇਮਰੀ ਕੇਅਰ ਟੀਮ ਤੱਕ ਕੋਈ ਪਹੁੰਚ ਨਹੀਂ ਹੈ। ਅਸੀਂ ਸਾਰੇ ਹੀ ਕਿਸੇ ਨਾ ਕਿਸੇ ਅਜਿਹੇ ਸ਼ਖਸ ਨੂੰ ਜਾਣਦੇ ਹਾਂ ਜਿਹੜਾ ਮੈਂਟਲ ਹੈਲਥ ਵਰਗੇ ਮੁੱਦਿਆਂ ਨਾਲ ਜੂਝ ਰਿਹਾ ਹੈ ਪਰ ਕਈ ਲੋਕਾਂ ਨੂੰ ਉਹ ਮਦਦ ਨਹੀਂ ਮਿਲ ਪਾਉਂਦੀ ਜਿਸਦੀ ਉਨ੍ਹਾਂ ਨੂੰ ਲੋੜ ਹੈ ਕਿਉਂਕਿ ਇਹ ਕਾਫੀ ਮਹਿੰਗੀ ਹੈ ਜਾਂ ਇਸ ਲਈ ਉਡੀਕ ਦਾ ਸਮਾਂ ਕਾਫੀ ਲੰਮਾਂ ਹੈ।

ਸਹੋਤਾ ਨੇ ਅੱਗੇ ਆਖਿਆ ਕਿ ਇੱਕ ਮਿਲੀਅਨ ਦੇ ਨੇੜੇ ਤੇੜੇ ਕੈਨੇਡੀਅਨਾਂ ਨੂੰ ਇੰਸੁਲਿਨ ਤੇ ਇਨਹੇਲਰਜ਼ ਵਰਗੀਆਂ ਜ਼ਰੂਰੀ ਦਵਾਈਆਂ ਖਰੀਦਣ ਲਈ ਖਾਣੇ ਤੇ ਹੀਟ ਉੱਤੇ ਕੀਤੇ ਜਾਣ ਵਾਲੇ ਖਰਚ ਤੋਂ ਆਪਣਾ ਹੱਥ ਖਿੱਚਣਾ ਪੈਂਦਾ ਹੈ। ਇਸ ਦੌਰਾਨ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੇ ਆਖਿਆ ਕਿ ਕਿਸੇ ਨੂੰ ਵੀ ਸਿਰਫ ਉਸ ਕੇਅਰ ਤੋਂ ਵਾਂਝਾ ਨਹੀਂ ਛੱਡਿਆ ਜਾਣਾ ਚਾਹੀਦਾ ਜਿਸ ਦੀ ਉਸ ਨੂੰ ਲੋੜ ਹੈ ਜਾਂ ਉਸ ਦੀ ਪਹੁੰਚ ਫੈਮਿਲੀ ਡਾਕਟਰ ਤੱਕ ਨਹੀਂ ਹੈ। ਇਸ ਤੋਂ ਇਲਾਵਾ ਲਿਬਰਲ ਪਾਰਟੀ ਚਾਹੁੰਦੀ ਹੈ ਕਿ ਹੈਲਥ ਕੇਅਰ ਉੱਤੇ ਖਰਚ ਕਰਨ ਲਈ ਸਮਰੱਥ ਹੋਣ ਵਾਸਤੇ ਕਿਸੇ ਨੂੰ ਵੀ ਆਪਣੇ ਖਾਣੇ ਤੇ ਹੀਟ ਵਰਗੀਆਂ ਲੋੜਾਂ ਨਾਲ ਸਮਝੌਤਾ ਨਾ ਕਰਨਾ ਪਵੇ।

ਇਸ ਮੌਕੇ ਸਹੋਤਾ ਨੇ ਆਖਿਆ ਕਿ ਬਰੈਂਪਟਨ ਵਿੱਚ ਹੈਲਥਕੇਅਰ ਸੰਕਟ ਚੱਲ ਰਿਹਾ ਹੈ ਤੇ ਸਾਡੀ ਫੈਡਰਲ ਲਿਬਰਲ ਪਾਰਟੀ ਹੈਲਥ ਕੇਅਰ ਸਿਸਟਮ ਦੀਆਂ ਖਾਮੀਆਂ ਨੂੰ ਖ਼ਤਮ ਕਰਨ ਲਈ ਕੰਮ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਮੁੜ ਚੁਣੀ ਗਈ ਲਿਬਰਲ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਕੈਨੇਡੀਅਨਾਂ ਨੂੰ ਯਕੀਨੀ ਤੌਰ ਉੱਤੇ ਹੈਲਥ ਕੇਅਰ ਮਿਲੇ। ਅਸੀਂ ਲੋਕਾਂ ਦੀ ਸਿਹਤ ਵਿੱਚ ਹੇਠ ਲਿਖੇ ਨੁਕਤਿਆਂ ਨੂੰ ਅਮਲ ਵਿੱਚ ਲਿਆ ਕੇ ਸੁਧਾਰ ਕਰ ਸਕਦੇ ਹਾਂ :

- ਇਹ ਯਕੀਨੀ ਬਣਾ ਕੇ ਕਿ ਸਾਰੇ ਕੈਨੇਡੀਅਨਾਂ ਨੂੰ ਫੈਮਿਲੀ ਡਾਕਟਰ ਜਾਂ ਪ੍ਰਾਇਮਰੀ ਕੇਅਰ ਟੀਮ ਦੀ ਮਦਦ ਆਸਾਨੀ ਨਾਲ ਮਿਲੇ।
- ਮੈਂਟਲ ਹੈਲਥ ਸੇਵਾਵਾਂ ਤੱਕ ਪਹੁੰਚ ਲਈ ਸਪਸ਼ਟ ਕੌਮੀ ਮਾਪਦੰਡ ਕਾਇਮ ਕਰਕੇ ਤਾਂ ਕਿ ਕੈਨੇਡੀਅਨਾਂ ਨੂੰ ਇਸ ਤਰ੍ਹਾਂ ਦੀ ਮਦਦ ਫੌਰੀ ਉਸ ਸਮੇਂ ਮਿਲੇ ਜਦੋਂ ਉਨ੍ਹਾਂ ਨੂੰ ਉਸ ਦੀ ਲੋੜ ਹੈ।
- ਹੋਮ ਕੇਅਰ ਤੇ ਪੈਲੀਏਟਿਵ ਕੇਅਰ ਉਨ੍ਹਾਂ ਨੂੰ ਮੁਹੱਈਆ ਕਰਵਾ ਕੇ ਜਿਨ੍ਹਾਂ ਨੂੰ ਇਸ ਦੀ ਲੋੜ ਹੈ।

ਇਸ ਤੋਂ ਇਲਾਵਾ ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਹਰ ਕਿਸੇ ਨੂੰ ਲੋੜੀਂਦੀ ਮੈਡੀਕੇਸ਼ਨ ਮਿਲ ਸਕੇ। ਇਸ ਲਈ ਅਸੀਂ ਯੂਨੀਵਰਸਲ ਫਾਰਮਾਕੇਅਰ ਲਾਗੂ ਕਰਾਂਗੇ, ਕੈਨੇਡਾ ਡਰੱਗ ਏਜੰਸੀ ਕਾਇਮ ਕਰਾਂਗੇ ਤੇ ਅਜਿਹਾ ਕੌਮੀ ਨੁਸਖਾ ਲਿਆਵਾਂਗੇ ਜਿਸ ਨਾਲ ਦਵਾਈਆਂ ਦੀਆਂ ਕੀਮਤਾਂ ਸਸਤੀਆਂ ਹੋ ਸਕਣ, ਉੱਚੀਆਂ ਕੀਮਤਾਂ ਵਾਲੀਆਂ ਲਾਈਫਸੇਵਿੰਗ ਦਵਾਈਆਂ ਦੀਆਂ ਕੀਮਤਾਂ ਪਹੁੰਚ ਵਿੱਚ ਲਿਆਉਣ ਲਈ ਰੇਅਰ ਡਜ਼ੀਜ਼ ਡਰੱਗ ਸਟ੍ਰੈਟੇਜੀ ਲਿਆਵਾਂਗੇ।

# ਟਰੰਪ ਖਿਲਾਫ ਮਹਾਭਿਯੋਗ ਸਬੰਧੀ ਜਾਂਚ ਸ਼ੁਰੂ !

...ਪੰਨਾ 1 ਦਾ ਬਾਕੀ

ਢਾਈ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਟਰੰਪ ਦੀ ਡੈਮੋਕ੍ਰੈਟਿਕ ਖੇਮੇ ਵੱਲੋਂ ਕੀਤੀ ਜਾ ਰਹੀ ਤਿੱਖੀ ਆਲੋਚਨਾ ਤੋਂ ਬਾਅਦ ਰਸਮੀ ਤੌਰ ਉੱਤੇ ਇੰਪੀਚਮੈਂਟ ਸਬੰਧੀ ਸ਼ੁਰੂ ਹੋਈ ਇਸ ਕਾਰਵਾਈ ਨਾਲ ਚੋਣ ਸਮੀਕਰਨ ਵੀ ਬਦਲ ਜਾਣਗੇ। ਰਿਪਬਲਿਕਨ ਪਾਰਟੀ ਕੋਲ ਹੁਣ ਅਜਿਹਾ ਉਮੀਦਵਾਰ ਹੈ ਜਿਸ ਖਿਲਾਫ ਇੰਪੀਚਮੈਂਟ ਸਬੰਧੀ ਜਾਂਚ ਸ਼ੁਰੂ ਹੋ ਜਾਵੇਗੀ ਤੇ 2020 ਵਿੱਚ ਵ੍ਹਾਈਟ ਹਾਊਸ ਰੇਸ ਵਿੱਚ ਅਸਥਿਰਤਾ ਆ ਜਾਵੇਗੀ।

ਯੂਕਰੇਨ ਨਾਲ ਟਰੰਪ ਦੀਆਂ ਗਤੀਵਿਧੀਆਂ ਦਾ ਮੁੱਦਾ ਇਸ ਇੰਪੀਚਮੈਂਟ ਦਾ ਇੱਕ ਕਾਰਨ ਬਣਿਆ। ਗਰਮੀਆਂ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੂੰ ਕੀਤੀ ਗਈ ਫੋਨ ਕਾਲ ਵਿੱਚ ਟਰੰਪ ਨੇ ਉਨ੍ਹਾਂ ਤੋਂ ਸਾਬਕਾ ਵਾਈਸ ਪ੍ਰੈਜ਼ੀਡੈਂਟ ਬਾਇਡਨ ਤੇ ਉਨ੍ਹਾਂ ਦੇ ਬੇਟੇ ਹੰਟਰ ਦੀ ਜਾਂਚ ਵਿੱਚ ਮਦਦ ਦੀ ਮੰਗ ਕੀਤੀ। ਇਸ ਕਾਲ ਤੋਂ ਪਹਿਲਾਂ ਟਰੰਪ ਨੇ ਆਪਣੇ ਸਲਾਹਕਾਰਾਂ ਨੂੰ ਯੂਕਰੇਨ ਨੂੰ ਦਿੱਤੀ ਜਾਣ ਵਾਲੀ 400 ਮਿਲੀਅਨ ਡਾਲਰ ਦੀ ਫੌਜੀ ਮਦਦ ਰੋਕਣ ਦੇ ਹੁਕਮ ਦਿੱਤੇ ਸਨ। ਇਸ ਨਾਲ ਇਨ੍ਹਾਂ ਕਿਆਸਅਰਾਈਆਂ ਨੂੰ ਬਲ ਮਿ-ਲਆ ਕਿ ਬਾਇਡਨਜ਼ ਸਬੰਧੀ ਜਾਣਕਾਰੀ ਲਈ ਹੀ ਟਰੰਪ ਵੱਲੋਂ ਇਸ ਤਰ੍ਹਾਂ ਦਾ ਦਬਾਅ ਯੂਕਰੇਨ ਉੱਤੇ ਪਾਇਆ ਜਾ ਰਿਹਾ ਹੈ। ਟਰੰਪ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਪਰ ਇਹ ਗੱਲ ਮੰਨੀ ਕਿ ਉਨ੍ਹਾਂ ਫੰਡ ਰੋਕੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਜਾਰੀ ਕਰ ਦਿੱਤਾ ਗਿਆ ਸੀ।

ਮੰਗਲਵਾਰ ਨੂੰ ਪੈਲੋਸੀ ਦੇ ਐਲਾਨ ਤੋਂ ਪਹਿਲਾਂ ਬਾਇਡਨ ਨੇ ਆਖਿਆ ਸੀ ਕਿ ਜੇ ਟਰੰਪ ਜਾਂਚ ਦੌਰਾਨ ਦਸਤਾਵੇਜ਼ ਮੁਹੱਈਆ ਕਰਵਾਉਣ ਜਾਂ ਗਵਾਹੀ ਦੇਣ ਸਬੰਧੀ ਨੀਤੀਘਾੜਿਆਂ ਦੀ ਮੰਗ ਵਿੱਚ ਸਹਿਯੋਗ ਨਹੀਂ ਦੇਣਗੇ ਤਾਂ ਕਾਂਗਰਸ ਕੋਲ ਉਨ੍ਹਾਂ ਖਿਲਾਫ ਇੰਪੀਚਮੈਂਟ ਸਬੰਧੀ ਜਾਂਚ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚੇਗਾ। ਬਾਇਡਨ ਨੇ ਇਹ ਵੀ ਆਖਿਆ ਸੀ ਕਿ ਇਸ ਲਈ ਟਰੰਪ ਆਪਣੇ ਵੱਲੋਂ ਜੋ ਬੋਇਆ ਹੈ ਉਹੀ ਵੱਢਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3, Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9 EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿੱਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide 10:00PM to 11:00PM EST 7:00PM to 8:00PM PST
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਿਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# Respecting Legal Firearms Owners and Targeting Criminals

September 24 : The legal use of firearms has always been part of Canadian tradition and culture. Today, there are over 2 million hunters, ranchers, trappers, farmers, target shooters, recreational shooters and collectors who legally possess firearms in our country.

Legal firearms owners deserve a legal framework that protects their property rights and treats them with fairness and respect. We need a common-sense approach to gun control that promotes safety while removing the threat of arbitrary criminal prosecution and safety in our communities.

However, despite this group being exceptionally law abiding and the most highly vetted segment in the Canadian population, the existing firearms legislation unfairly targets them, does not respect their property rights, and is highly arbitrary.

In 1995, Bill C-68 created the Firearms Act, the strictest gun-control legislation in Canadian history. Its most controversial feature, the creation of a long-gun registry, was repealed in 2012.

The People's Party of Canada (PPC) has looked making gun ownership more complex and supports lifetime firearm certifications after proper vetting and training. It promises anyone who legally bought a gun and had to relinquish it to the government due to new rules would be reimbursed. The PPC will future regulation of firearms to be handled by Parliament, not police or cabinet.

The People's Party of Canada says it would double the length of licenses from five years to 10, repeal restrictions on magazine size, classify guns based on function, not appearance, and make safety classes more available. Canada's firearms legislation must protect society from the criminal misuse of firearms and prioritize the deterrence and punishment of criminals.

A People's Party government will replace the Firearms Act and supporting legislation with new legislation that will prioritize effective measures to improve public safety and fight crime in Canada.

To avoid criminalizing legal gun owners and guarantee their property rights, this system will legalize simple possession of firearms for certified Canadians as long as they use their firearms lawfully and don't commit some other crime which would disqualify them from firearms ownership.

# ਗਵਰਨਰ ਦੇ ਅਹੁਦੇ ਦੀ ਸਾਖ ਬਹਾਲ ਕਰਨ ਦੀ ਲੋੜ

-ਪੂਨਮ ਆਈ ਕੌਸ਼ਿਸ਼

ਇੱਕ ਪੁਰਾਣੀ ਕਹਾਵਤ ਹੈ ਕਿ ਜਿੰਨੀਆਂ ਚੀਜ਼ਾਂ ਬਦਲਦੀਆਂ ਹਨ, ਓਨੀਆਂ ਉਹ ਉਹੋ ਜਿਹੀਆਂ ਰਹਿੰਦੀਆਂ ਹਨ ਤੇ ਇਹ ਗੱਲ ਅਹੁਦੇ ਵੰਡਣ ਬਾਰੇ ਸੱਤਾ ਦੇ ਗਲਿਆਰਿਆਂ 'ਚ ਆਮ ਤੌਰ ਉਤੇ ਦੇਖਣ ਨੂੰ ਮਿਲਦੀ ਹੈ, ਜਿਸ ਕਾਰਨ ਆਪਣੇ ਚਹੇਤਿਆਂ ਨੂੰ ਮੁੱਖ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਂਦਾ ਹੈ, ਜਿਨ੍ਹਾਂ 'ਚ ਮੰਤਰੀ, ਕਮਿਸ਼ਨਾਂ ਦੇ ਚੇਅਰਮੈਨ ਅਤੇ ਗਵਰਨਰ ਸ਼ਾਮਲ ਹਨ। ਇਹ ਲੋਕ ਉਹੀ ਕਰਦੇ ਹਨ, ਜੋ ਰਾਜਗੱਦੀ 'ਤੇ ਬੈਠੇ ਉਨ੍ਹਾਂ ਦੇ ਆਕਾ ਉਨ੍ਹਾਂ ਤੋਂ ਕਰਵਾਉਣਾ ਚਾਹੁੰਦੇ ਹਨ।

ਇਸ ਸਿਆਸੀ ਖੇਡ ਵਿੱਚ ਰਾਸ਼ਟਰਪਤੀ ਨੇ ਬੀ ਐੱਸ ਕੋਸ਼ਿਆਰੀ, ਬੰਡਾਰੂ ਦੱਤਾਤ੍ਰੇਯ, ਤਮੀਲੀਸਾਹੀ ਸੌਂਦਾਰਜਨ ਅਤੇ ਆਰਿਫ ਮੁਹੰਮਦ ਖਾਨ ਨੂੰ ਕ੍ਰਮਵਾਰ ਮਹਾਰਾਸ਼ਟਰ, ਹਿਮਾਚਲ, ਰਾਜਸਥਾਨ, ਤੇਲੰਗਾਨਾ ਅਤੇ ਕੇਰਲਾ ਦੇ ਗਵਰਨਰ ਨਿਯੁਕਤ ਕੀਤਾ ਹੈ। ਇਨ੍ਹਾਂ 'ਚੋਂ ਚਾਰ ਭਾਜਪਾ ਦੇ ਸੀਨੀਅਰ ਆਗੂ ਹਨ, ਇੱਕ ਰਾਜੀਵ ਗਾਂਧੀ ਸਰਕਾਰ ਦੇ ਮੰਤਰੀ ਸਨ, ਜਿਨ੍ਹਾਂ ਨੇ ਸ਼ਾਹਬਾਨੋ ਕੇਸ ਵਿੱਚ ਸੁਪਰੀਮ ਕੋਰਟ ਦੇ ਹੁਕਮ ਨੂੰ ਪਲਟਣ ਦੇ ਮੁੱਦੇ ਉਤੇ ਰਾਜੀਵ ਗਾਂਧੀ ਦੀ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਤਿੰਨ ਤਲਾਕ ਦੇ ਮੁੱਦੇ 'ਤੇ ਭਾਜਪਾ ਦੀ ਹਮਾਇਤ ਕੀਤੀ।

ਪਹਿਲੇ ਚਾਰ ਨੇਤਾਵਾਂ ਨੂੰ ਉਨ੍ਹਾਂ ਦੀ ਵਫਾਦਾਰੀ ਲਈ ਅਹੁਦੇ ਨਾਲ ਨਿਵਾਜਿਆ ਗਿਆ ਤਾਂ ਪੰਜਵੇਂ ਨੇਤਾ ਭਗਵਾ ਸੰਘ ਦੇ ਮਾਪਦੰਡਾਂ ਅਨੁਸਾਰ ਚੰਗੇ ਮੁਸਲਮਾਨ ਹਨ। ਇਸ ਤੋਂ ਸਵਾਲ ਉਠਦਾ ਹੈ ਕਿ ਕੀ ਗਵਰਨਰ ਕੇਂਦਰ ਦੇ ਆਗਿਆ ਪਾਲਕ ਹਨ ਜਾਂ ਆਪੋ-ਆਪਣੇ ਰਾਜਾਂ ਦੇ ਸੰਵਿਧਾਨਕ ਮੁਖੀ ਹੋਣ ਦੇ ਨਾਤੇ ਲੋਕਾਂ ਦੇ ਭਰੋਸੇ ਦੇ ਰਖਵਾਲੇ ਹਨ? ਕੀ ਸੰਵਿਧਾਨਕ ਮਾਮਲਿਆਂ ਵਿੱਚ ਵਿਚਾਰਧਾਰਾ ਕਸੌਟੀ ਬਣ ਗਈ ਹੈ? ਕੀ ਇਸ ਨਾਲ ਦੇਸ਼ ਦਾ ਫੈਡਰਲ ਢਾਂਚਾ ਕਮਜ਼ੋਰ ਹੋਵੇਗਾ?

ਕੀ ਗਵਰਨਰ ਦੇ ਕੰਮਾਂ ਦੇ ਸੰਬੰਧ 'ਚ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ ਹਨ? ਅੱਜ ਦੇ ਲੈਣ-ਦੇਣ ਵਾਲੇ ਮਾਹੌਲ ਵਿੱਚ ਗਵਰਨਰ ਦਾ ਅਹੁਦਾ ਵਿਅਕਤੀ ਦੀ ਸੱਚਾਈ ਤੇ ਨਿਰਪੱਖਤਾ ਦੀ ਬਜਾਏ ਇੱਕ ਸਿਆਸੀ ਲਾਲੀਪੌਪ ਬਣ ਗਿਆ ਹੈ, ਜੋ ਆਗਿਆਕਾਰੀ ਨੌਕਰਸ਼ਾਹਾਂ ਨੂੰ ਵੰਡਿਆ ਜਾਂਦਾ ਹੈ। ਅਜਿਹੇ ਗਵਰਨਰਾਂ ਦੀ ਗਿਣਤੀ ਅੱਜ 60 ਫੀਸਦੀ ਹੈ। ਇਸ ਦੇ ਲਈ ਮੁੱਖ ਪੈਮਾਨਾ ਇਹ ਹੈ ਕਿ ਕੀ ਉਹ ਵਿਅਕਤੀ ਚਮਚਾ ਹੈ ਤੇ ਇਸੇ ਕਾਰਨ ਵਿਰੋਧੀ ਪਾਰਟੀ ਦੇ ਸ਼ਾਸਨ ਵਾਲੇ ਰਾਜਾਂ 'ਚ ਗਵਰਨਰ ਕੇਂਦਰ ਦਾ ਇੱਕ ਆਸਾਨ ਔਜ਼ਾਰ ਬਣ ਗਿਆ ਹੈ। ਗਵਰਨਰ ਉਥੇ ਕੇਂਦਰ ਦੀ ਸ਼ਹਿ 'ਤੇ ਘਟੀਆ ਸਿਆਸਤ ਕਰਦਾ ਹੈ, ਫਾਈਲਾਂ ਮੰਗਵਾਉਂਦਾ ਹੈ, ਮੰਤਰੀਆਂ ਤੇ ਨੌਕਰਸ਼ਾਹਾਂ ਨੂੰ ਸੱਦਾ ਹੈ। ਉਹ ਕੇਂਦਰ 'ਚ ਆਪਣੇ ਸਿਆਸੀ ਆਕਿਆਂ ਨੂੰ ਖੁਸ਼ ਕਰਨ ਲਈ ਸੂਬਾ ਸਰਕਾਰ ਦੇ ਵਿਰੁੱਧ ਗੱਲਾਂ ਕਰਦਾ ਅਤੇ ਇਸ ਤਰ੍ਹਾਂ ਕਦਮ-ਕਦਮ 'ਤੇ ਮੁੱਖ ਮੰਤਰੀ ਲਈ ਰੁਕਾਵਟਾਂ ਪੈਦਾ ਕਰਦਾ ਹੈ।

ਨਰਿੰਦਰ ਮੋਦੀ ਦੀ ਐਨ ਡੀ ਏ ਸਰਕਾਰ ਵੀ 1989 ਵਿੱਚ ਬਣੀ ਵੀ ਪੀ ਸਿੰਘ ਦੀ ਕੌਮੀ ਮੋਰਚੇ ਦੀ ਸਰਕਾਰ, 1999 ਵਿੱਚ ਵਾਜਪਾਈ ਦੀ ਸਰਕਾਰ ਜਾਂ 2004 ਵਿੱਚ ਬਣੀ ਯੂ ਪੀ ਏ ਦੀ ਸਰਕਾਰ ਤੋਂ ਵੱਖਰੀ ਨਹੀਂ, ਜਿਨ੍ਹਾਂ ਨੇ ਆਪਣੇ ਤੋਂ ਪਹਿਲਾਂ ਵਾਲੀਆਂ ਸਰਕਾਰਾਂ ਵੱਲੋਂ ਨਿਯੁਕਤ ਗਵਰਨਰਾਂ ਨੂੰ ਅਸਤੀਫੇ ਦੇਣ ਲਈ ਮਜਬੂਰ ਕੀਤਾ ਸੀ। 2014 ਤੋਂ ਯੂ ਪੀ ਏ ਵੱਲੋਂ ਨਿਯੁਕਤ ਸਾਰੇ ਗਵਰਨਰਾਂ ਤੋਂ ਅਸਤੀਫਾ ਦਿਵਾਇਆ ਗਿਆ। ਸਾਲ 2010 ਵਿੱਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਕੇਂਦਰ ਵਿੱਚ ਸਰਕਾਰ ਬਦਲਣਾ ਗਵਰਨਰ ਨੂੰ ਹਟਾਉਣ ਦਾ ਆਧਾਰ ਨਹੀਂ ਬਣਦਾ, ਚਾਹੇ ਉਹ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਅਤੇ ਸਿਆਸੀ ਵਿਚਾਰਧਾਰਾ ਨਾਲ ਅਸਹਿਮਤ ਹੀ ਕਿਉਂ ਨਾ ਹੋਵੇ।

ਅੱਜ ਸਭ ਲੋਕ ਭੁੱਲ ਗਏ ਹਨ ਕਿ ਗਵਰਨਰ ਦਾ ਅਸਲੀ ਕੰਮ ਸੂਬੇ ਦੇ ਮੁਖੀ ਵਜੋਂ ਸਿਰਫ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰਨਾ ਨਹੀਂ, ਸਗੋਂ ਸੂਬੇ ਦੇ ਲੋਕਾਂ ਦੀ ਸੇਵਾ ਕਰਨਾ ਤੇ ਕੇਂਦਰ ਨਾਲ ਉਨ੍ਹਾਂ ਦੇ ਹੱਕ ਦੀ ਲੜਾਈ ਲੜਨਾ ਵੀ ਹੈ। ਗਵਰਨਰ ਨੇ ਕੌਮੀ ਹਿੱਤਾਂ ਨੂੰ ਧਿਆਨ ਵਿੱਚ ਰੱਖਣਾ ਹੁੰਦਾ ਹੈ, ਨਾ ਕਿ ਪਾਰਟੀ ਦੇ ਹਿੱਤਾਂ ਨੂੰ। ਉਸ ਨੇ ਸੂਬੇ ਦੇ ਲੋਕਾਂ ਦੀ ਭਲਾਈ ਕਰਨੀ ਹੁੰਦੀ ਹੈ, ਨਾ ਕਿ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਦੀ। ਗਵਰਨਰ ਨੂੰ ਨਾਮਜ਼ਦ ਸਰਕਾਰ ਦੇ ਫੈਸਲਿਆਂ ਨੂੰ ਪ੍ਰਭਾਵਤ ਕਰਨ ਦੀ ਸੰਵਿਧਾਨਕ ਤਾਕਤ ਹਾਸਲ ਹੈ ਅਤੇ ਇਸ ਦੇ ਲਈ ਉਹ ਸੂਬਾ ਸਰਕਾਰ ਨੂੰ ਸਲਾਹ ਦੇ ਸਕਦਾ ਹੈ, ਚਿਤਾਵਨੀ ਦੇ ਸਕਦਾ ਹੈ, ਉਤਸ਼ਾਹਤ ਕਰ ਸਕਦਾ ਹੈ। ਉਸ ਦੀ ਭੂਮਿਕਾ ਆਪਣੇ ਮੰਤਰੀ ਮੰਡਲ ਦੇ ਮਿੱਤਰ, ਦਾਰਸ਼ਨਿਕ ਅਤੇ ਮਾਰਗ ਨਿਰਦੇਸ਼ਕ ਵਾਲੀ ਹੈ। ਉਸ ਨੂੰ ਰਾਸ਼ਟਰਪਤੀ ਤੋਂ ਬਹੁਤ ਜ਼ਿਆਦਾ ਵਿਵੇਕ ਅਧਿਕਾਰ ਤਾਕਤਾਂ ਹਾਸਲ ਹਨ।

ਸਰਕਾਰੀਆ ਕਮਿਸ਼ਨ ਨੇ ਨਾ ਸਿਰਫ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਨਿਆ ਸਗੋਂ ਦੋ ਅਹਿਮ ਸਿਫਾਰਸ਼ਾਂ ਵੀ ਕੀਤੀਆਂ ਸਨ। ਪਹਿਲੀ ਇਹ ਕਿ ਗਵਰਨਰ ਦੀ ਨਿਯੁਕਤੀ ਸੂਬੇ ਦੇ ਮੁੱਖ ਮੰਤਰੀ ਦੀ ਸਲਾਹੇ ਨਾਲ ਕੀਤੀ ਜਾਣੀ ਚਾਹੀਦੀ ਹੈ ਤੇ ਬਹੁਤ ਜ਼ਰੂਰੀ ਕਾਰਨਾਂ ਕਰ ਕੇ ਵੱਖ ਸਥਿਤੀਆਂ ਤੋਂ ਇਲਾਵਾ ਉਸ ਦੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਰੁਕਾਵਟ ਨਾ ਪਾਈ ਜਾਵੇ। ਇਸ ਦਾ ਆਧਾਰ ਇਹ ਸੀ ਕਿ ਗਵਰਨਰ ਇੱਕ ਸੰਵਿਧਾਨਕ ਪਹਿਰੇਦਾਰ ਹੈ, ਕੇਂਦਰ ਅਤੇ ਸੂਬੇ ਵਿਚਾਲੇ ਅਹਿਮ ਪੁਲ ਹੈ, ਨਾ ਕਿ ਕੇਂਦਰ ਸਰਕਾਰ ਦਾ ਆਗਿਆਕਾਰੀ ਜਾਂ ਪਿੱਠੂ।

ਸਮਾਂ ਬੀਤਣ ਦੇ ਨਾਲ ਗਵਰਨਰ ਦੀ ਭੂਮਿਕਾ ਵਿਗੜ ਗਈ ਤੇ ਹਰ ਕੇਂਦਰ ਸਰਕਾਰ ਨੇ ਇਸ ਦੀ ਦੁਰਵਰਤੋਂ ਕੀਤੀ ਹੈ। ਇਸ ਅਹੁਦੇ ਨੂੰ ਕੇਂਦਰ ਦੀ ਕਠਪੁਤਲੀ ਬਣਾ ਦਿੱਤਾ ਹੈ, ਜੋ ਹਮੇਸ਼ਾ ਸੂਬਾ ਸਰਕਾਰ ਨੂੰ ਅਸਥਿਰ ਕਰਨ ਲਈ ਤਿਆਰ ਰਹਿੰਦਾ ਹੈ। ਕੁਝ ਗਵਰਨਰ ਤਾਂ ਸੰਵਿਧਾਨ ਦੀ ਭਾਵਨਾ ਨੂੰ ਅਣਡਿੱਠ ਕਰ ਕੇ ਨਿੱਜੀ ਅਤੇ ਪਾਰਟੀ ਹਿੱਤ ਵਿੱਚ ਕੰਮ ਕਰਦੇ ਹਨ। ਗਵਰਨਰ ਦੀ ਭੂਮਿਕਾ ਤੇ ਸਰਗਰਮ ਸਿਆਸਤ ਦੋਵੇਂ ਆਪਾ ਵਿਰੋਧੀ ਹਨ, ਜਿਸ ਕਾਰਨ ਸੰਵਿਧਾਨ ਘਾੜਿਆਂ ਵੱਲੋਂ ਬਣਾਏ ਗਏ ਇਸ ਸੇਫਟੀ ਵਾਲਵ ਨੂੰ ਕਮਜ਼ੋਰ ਕਰ ਦਿੱਤਾ ਗਿਆ ਹੈ। ਸੰਵਿਧਾਨ ਘਾੜਿਆਂ ਨੇ ਗਵਰਨਰ ਦੇ ਅਹੁਦੇ ਲਈ ਯੋਗ ਵਿਅਕਤੀਆਂ, ਉਨ੍ਹਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਤੇ ਭੂਮਿਕਾ ਨੂੰ ਸਪੱਸ਼ਟ ਕੀਤਾ ਹੈ।

ਸੰਵਿਧਾਨ ਸਭਾ 'ਚ ਵਾਦ ਵਿਵਾਦ ਦੌਰਾਨ ਨੇਤਾਵਾਂ ਨੇ ਆਸ ਪ੍ਰਗਟਾਈ ਸੀ ਕਿ ਇਸ ਅਹਿਮ ਅਹੁਦੇ 'ਤੇ ਪ੍ਰਸਿੱਧ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਵੇਗਾ, ਜੋ ਸਿੱਧੇ ਸਿਆਸਤ ਨਾਲ ਨਾ ਜੁੜੇ ਹੋਣ। ਇਹ ਅਹੁਦਾ ਅੱਜ ਵੀ ਪਵਿੱਤਰ ਤੇ ਅਹਿਮ ਹੈ, ਪਰ ਇਸ ਅਹੁਦੇ 'ਤੇ ਬੈਠਣ ਵਾਲਿਆਂ ਨੇ ਇਸ ਦੀ ਸੰਸਥਾਗਤ ਸਾਖ ਨੂੰ ਵੱਟਾ ਲਾਇਆ ਹੈ ਅਤੇ ਪਿਛਲੇ ਤਿੰਨ ਦਹਾਕਿਆਂ 'ਚ ਗਵਰਨਰ ਦੇ ਅਹੁਦੇ ਦਾ ਖੁੱਲ੍ਹਾ ਸਿਆਸੀਕਰਨ ਕੀਤਾ ਹੈ। ਇੱਕ ਜ਼ਮਾਨਾ ਸੀ, ਜਦੋਂ ਗਵਰਨਰ ਦੇ ਅਹੁਦੇ 'ਤੇ ਸੱਚੇ, ਯੋਗ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਨਿਯਮ ਬਦਲੇ ਤੇ ਚਹੇਤਿਆਂ ਨੂੰ ਗਵਰਨਰ ਬਣਾਇਆ। ਉਨ੍ਹਾਂ ਨੇ ਗਵਰਨਰ ਦੇ ਅਹੁਦੇ ਦੀ ਵਰਤੋਂ ਨੌਕਰਸ਼ਾਹਾਂ ਤੋਂ ਆਪਣੀ ਮਰਜ਼ੀ ਨਾਲ ਕੰਮ ਕਰਵਾਉਣ ਲਈ ਕੀਤੀ। ਉਦੋਂ ਪਹਿਲੀ ਵਾਰ ਸਾਬਕਾ ਚੋਣ ਕਮਿਸ਼ਨਰ, ਸੇਵਾ ਮੁਕਤ ਪੁਲਸ ਅਧਿਕਾਰੀ ਤੇ ਖੁਫੀਆ ਅਧਿਕਾਰੀ ਗਵਰਨਰ ਬਣਾਏ ਗਏ। ਕੁਝ ਨਿਯੁਕਤੀਆਂ 'ਚ ਇੰਨੀ ਕਮੀ ਸੀ ਕਿ ਸੁਪਰੀਮ ਕੋਰਟ ਨੂੰ 1979 'ਚ ਕਹਿਣਾ ਪਿਆ ਕਿ ਗਵਰਨਰ ਦਾ ਅਹੁਦਾ ਭਾਰਤ ਸਰਕਾਰ ਦਾ ਪਿੱਠੂ ਜਾਂ ਆਗਿਆ ਪਾਲਕ ਨਹੀਂ ਹੈ, ਭਾਰਤ ਸਰਕਾਰ ਦੀਆਂ ਹਦਾਇਤਾਂ ਮੰਨਣ ਲਈ ਮਜਬੂਰ ਨਹੀਂ ਹੈ ਅਤੇ ਨਾ ਹੀ ਆਪਣੇ ਫਰਜ਼ ਨਿਭਾਉਣ ਲਈ ਇਸ ਪ੍ਰਤੀ ਜਵਾਬਦੇਹ ਹੈ। ਇਹ ਇੱਕ ਆਜ਼ਾਦ ਸੰਵਿਧਾਨਕ ਅਹੁਦਾ ਹੈ, ਜੋ ਭਾਰਤ ਸਰਕਾਰ ਦੇ ਕੰਟਰੋਲ ਹੇਠ ਨਹੀਂ ਹੈ, ਪਰ ਭਾਰਤ ਦੇ ਸੁਆਰਥੀ ਨੇਤਾਵਾਂ ਨੇ ਇਹ ਹੁਕਮ ਨੂੰ ਕੂੜਾਦਾਨ 'ਚ ਸੁੱਟ ਦਿੱਤਾ।

ਚਾਹੇ ਕਾਂਗਰਸ, ਜਨਤਾ ਪਾਰਟੀ, ਕੌਮੀ ਮੋਰਚਾ, ਸਾਂਝਾ ਮੋਰਚਾ, ਯੂ ਪੀ ਏ ਜਾਂ ਐਨ ਡੀ ਏ ਦੀ ਸਰਕਾਰ ਹੋਵੇ, ਗਵਰਨਰ ਕੇਂਦਰ ਦੇ ਏਜੰਟ ਵਜੋਂ ਕੰਮ ਕਰਦੇ ਰਹੇ ਅਤੇ ਉਹ ਸੂਬਾ ਸਰਕਾਰ ਨੂੰ ਅਸਥਿਰ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਸਾਰੀਆਂ ਸਿਆਸੀ ਪਾਰਟੀਆਂ ਗਵਰਨਰ ਦੇ ਅਹੁਦੇ ਵਿੱਚ ਆਈ ਗਿਰਾਵਟ 'ਤੇ ਚਿੰਤਾ ਪ੍ਰਗਟਾਉਂਦੀਆਂ ਹਨ, ਪਰ ਸੱਤਾ ਵਿੱਚ ਆਉਣ 'ਤੇ ਇਸ ਅਹੁਦੇ ਦੀ ਦੁਰਵਰਤੋਂ ਕਰਦੀਆਂ ਹਨ। ਇਸ ਮਾਮਲੇ 'ਚ ਹਰ ਸਿਆਸੀ ਪਾਰਟੀ ਇੱਕੋ ਜਿਹੀ ਹੈ। ਕੌੜੀ ਸੱਚਾਈ ਇਹ ਹੈ ਕਿ ਅੱਜ ਗਵਰਨਰ ਸੰਵਿਧਾਨ ਘਾੜਿਆਂ ਵਲੋਂ ਦਿੱਤੀ ਭੂਮਿਕਾ ਨਹੀਂ ਨਿਭਾ ਰਿਹਾ। ਇਸ ਅਹੁਦੇ ਨੂੰ ਮਜ਼ਬੂਤ ਕਰਨਾ ਹੋਵੇਗਾ ਤੇ ਇਸ ਦੀ ਪੁਰਾਣੀ ਸਾਖ ਨੂੰ ਬਹਾਲ ਕਰਨਾ ਪਵੇਗਾ। ਗਵਰਨਰ ਨੂੰ ਦੇਸ਼ ਦੀ ਏਕਤਾ ਅਤੇ ਸੂਬੇ ਦੇ ਲੋਕਾਂ ਦੀ ਭਲਾਈ ਦੀ ਵਿਸ਼ੇਸ਼ ਭੂਮਿਕਾ ਸੌਂਪੀ ਗਈ ਹੈ।

ਜਨਤਕ ਅਹੁਦੇ ਦਾ ਸੰਬੰਧ ਧਾਰਨਾ ਨਾਲ ਹੁੰਦਾ ਹੈ। ਇਸ ਲਈ ਸਮਾਂ ਆ ਗਿਆ ਹੈ ਪਾਰਟੀਬਾਜ਼ੀ ਵਾਲੀ ਸਿਆਸਤ ਤੋਂ ਉਪਰ ਉਠ ਕੇ ਗਵਰਨਰ ਦੇ ਅਹੁਦੇ ਨੂੰ ਮਜ਼ਬੂਤ ਬਣਾਉਣ, ਯੋਗ ਵਿਅਕਤੀਆਂ ਨੂੰ ਨਿਯੁਕਤ ਕਰਨ ਅਤੇ ਇਸ ਅਹੁਦੇ ਦੀ ਸਾਖ ਬਹਾਲ ਕਰਨ ਅਤੇ ਇਸ ਅਹੁਦੇ 'ਤੇ ਗੈਰ ਸਿਆਸੀ ਹਸਤੀਆਂ ਨੂੰ ਨਿਯੁਕਤ ਕਰਨ ਲਈ ਕਦਮ ਚੁੱਕੇ ਜਾਣ ਤਾਂ ਕਿ ਗਵਰਨਰ ਖੁਦ ਨੂੰ ਸਿਆਸਤ ਤੋਂ ਵੱਖ ਰੱਖ ਸਕੇ। ਜਦੋਂ ਤੱਕ ਕੇਂਦਰ ਸਰਕਾਰ ਇਸ ਮਾਮਲੇ ਵਿੱਚ ਘਟੀਆ ਸਿਆਸਤ ਕਰਦੀ ਰਹੇਗੀ, ਭਾਰਤ ਅਤੇ ਇਸ ਦੀ ਏਕਤਾ ਨੂੰ ਨੁਕਸਾਨ ਪਹੁੰਚਦਾ ਰਹੇਗਾ। ਪ੍ਰਧਾਨ ਮੰਤਰੀ, ਜੋ ਸੰਵਿਧਾਨ ਨੂੰ ਸਭ ਤੋਂ ਉਪਰ ਮੰਨਦੇ ਹਨ, ਦੇ ਕੰਮਾਂ ਤੋਂ ਵੀ ਅਜਿਹਾ ਲੱਗਣਾ ਚਾਹੀਦਾ ਹੈ ਕਿ ਗਵਰਨਰ ਦੇ ਅਹੁਦੇ ਨੂੰ ਇੱਕ ਵੱਕਾਰਮਈ ਦਰਬਾਨ ਨਹੀਂ ਬਣਾਇਆ ਜਾਣਾ ਚਾਹੀਦਾ।



# ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਨਾ ਜ਼ਰੂਰੀ

-ਵਿਨੀਤ ਨਾਰਾਇਣ-

ਸੁਪਰੀਮ ਕੋਰਟ ਦੇ ਜਸਟਿਸ ਦੀਪਕ ਗੁਪਤਾ ਨੇ ਹਾਲ ਹੀ 'ਚ ਕਿਹਾ ਹੈ ਕਿ ਭਰਾਤ ਦੇ ਨਾਗਰਿਕਾਂ ਨੂੰ ਸਰਕਾਰ ਦੀ ਆਲੋਚਨਾ ਕਰਨ ਦਾ ਅਧਿਕਾਰ ਹੈ। ਉਨ੍ਹਾਂ ਦੀ ਕਹੀ ਇਹ ਗੱਲ ਇੱਕ ਮਹੱਤਵ ਪੂਰਨ ਮੁੱਦੇ ਉਤੇ ਸੋਚ ਵਿਚਾਰ ਲਈ ਪ੍ਰੇਰਤ ਕਰਦੀ ਹੈ। ਸਰਕਾਰ ਦੀ ਆਲੋਚਨਾ ਨਵੀਂ ਗੱਲ ਨਹੀਂ। ਸਿਆਸੀ ਵਿਵਸਥਾਵਾਂ ਦਾ ਇਤਿਹਾਸ ਜਿੰਨਾ ਪੁਰਾਣਾ ਹੈ, ਓਨਾ ਹੀ ਪੁਰਾਣਾ ਇਹ ਵਿਸ਼ਾ ਵੀ ਹੈ। ਤਰ੍ਹਾਂ ਤਰ੍ਹਾਂ ਰਾਜ ਵਿਵਸਥਾਵਾਂ ਦੀ ਆਲੋਚਨਾ ਅਤੇ ਸਮੀਖਿਆ ਕਰਦੇ ਹੀ ਅੱਜ ਦੁਨੀਆ ਵਿੱਚ ਲੋਕਤੰਤਰ ਵਰਗੀ ਰਾਜ ਵਿਵਸਥਾ ਦਾ ਜਨਮ ਹੋ ਸਕਿਆ ਹੈ। ਇਸ ਤੋਂ ਜ਼ਾਹਿਰ ਹੈ ਕਿ ਜਸਟਿਸ ਦੀਪਕ ਗੁਪਤਾ ਦੇ ਕਥਨ ਨੇ ਲੋਕਤੰਤਰ ਦੇ ਗੁਣਾਂ 'ਤੇ ਨਜ਼ਰ ਮਾਰਨ ਦਾ ਮੌਕਾ ਦਿੱਤਾ ਹੈ।

ਸਰਕਾਰ ਦੀ ਆਲੋਚਨਾ ਨੂੰ ਜੇ ਨੈਤਿਕਤਾ-ਅਨੈਤਿਕਤਾ ਦੀ ਕਮੇਟੀ 'ਤੇ ਕੱਸਿਆ ਜਾਵੇ ਤਾਂ ਲੋਕਤੰਤਰ ਦੇ ਮੂਲ ਗੁਣ ਦੀ ਗੱਲ ਸਭ ਤੋਂ ਪਹਿਲਾਂ ਕਰਨੀ ਪਵੇਗੀ। ਵਿਦਵਾਨਾਂ ਨੇ ਮੰਨਿਆ ਕਿ ਰਾਜ ਵਿਵਸਥਾ ਦਾ ਵਰਗੀਕਰਨ ਇਸ ਗੱਲ ਨਾਲ ਹੁੰਦਾ ਹੈ ਕਿ ਉਸ ਵਿਵਸਥਾ ਵਿੱਚ ਖੁਦਮੁਖਤਿਆਰ ਕੌਣ ਹੈ? ਲੋਕਤੰਤਰ ਦੇ ਵਿਚਾਰ ਵਿੱਚ ਖੁਦਮੁਖਤਿਆਰੀ ਨਾਗਰਿਕ ਦੀ ਮੰਨੀ ਜਾਂਦੀ ਹੈ। ਲੋਕਤੰਤਰ ਦਾ ਨਿਰਮਾਤਾ ਹੀ ਨਾਗਰਕਿ ਹੈ। ਇਸ ਲਿਹਾਜ਼ ਨਾਲ ਉਹੀ ਖੁਦਮੁਖਤਿਆਰ ਸਾਬਿਤ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਨਾਗਰਿਕਤਾ ਦੀ ਖੁਦਮੁਖਤਿਆਰੀ ਦੀ ਹੱਦ ਦਾ ਮੁੱਦਾ ਉਠਣ ਲੱਗਾ ਹੈ। ਇਸ ਬਾਰੇ ਵਿੱਚ ਭਾਰਤੀ ਲੋਕਤੰਤਰ ਦੇ ਇੱਕ ਹੋਰ ਗੁਣ ਨੂੰ ਦੇਖ ਲਿਆ ਜਾਣਾ ਚਾਹੀਦਾ ਹੈ। ਇਸ ਲੋਕਤੰਤਰ ਨੂੰ ਵਿਧਾਨਕ ਲੋਕਤੰਤਰ ਵੀ ਸਮਝਿਆ ਜਾਂਦਾ ਹੈ। ਇਸ ਵਿਵਸਥਾ 'ਚ ਨਾਗਰਿਕ ਇੱਕ ਸੰਵਿਧਾਨ ਬਣਾਉਂਦੇ ਹਨ ਤੇ ਨਾਗਰਿਕਾਂ ਦੇ ਬਣਾਏ ਇਸ ਸੰਵਿਧਾਨ ਨੂੰ ਹੀ ਖੁਦਮੁਖਤਿਆਰੀ ਮੰਨਿਆ ਜਾਂਦਾ ਹੈ। ਇਸੇ ਲਈ ਆਮ ਤੌਰ 'ਤੇ ਕਹਿੰਦੇ ਹਨ ਕਿ ਸੰਵਿਧਾਨ ਤੋਂ ਉਪਰ ਕੋਈ ਨਹੀਂ, ਭਾਵ ਜਸਟਿਸ ਦੀਪਕ ਗੁਪਤਾ ਦੇ ਬਿਆਨ ਨੂੰ ਇਸ ਨੁਕਤੇ ਦੇ ਆਧਾਰ 'ਤੇ ਵੀ ਪਰਖਿਆ ਜਾਣਾ ਚਾਹੀਦਾ ਹੈ।

ਖੁਦ ਜਸਟਿਸ ਗੁਪਤਾ ਨੇ ਸੰਵਿਧਾਨ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਨੇ ਸੰਵਿਧਾਨ ਦੇ ਪ੍ਰੀਐਂਬਲ ਦਾ ਉਹ ਤੱਥ ਯਾਦ ਦਿਵਾਇਆ ਹੈ, ਜਿੱਥੇ ਕਿਹਾ ਗਿਆ ਹੈ ਕਿ ਹਰ ਵਿਅਕਤੀ ਦੇ ਵਿਚਾਰ, ਪ੍ਰਗਟਾਵੇ, ਵਿਸ਼ਵਾਸ, ਆਸਥਾ, ਪੂਜਾ-ਅਰਚਨਾ ਦੀ ਆਜ਼ਾਦੀ ਦੀ ਰੱਖਿਆ ਕੀਤੀ ਜਾਵੇ, ਭਾਵ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਾਗਰਿਕਾਂ ਵੱਲੋਂ ਸਰਕਾਰ ਦੀ ਆਲੋਚਨਾ ਕਰਨਾ ਉਸ ਦਾ ਸੰਵਿਧਾਨਕ ਅਧਿਕਾਰ ਹੈ। ਜਸਟਿਸ ਗੁਪਤਾ ਨੇ ਇਸ ਨੂੰ ਮਨੁੱਖੀ ਅਧਿਕਾਰ ਦੀ ਸ਼੍ਰੇਣੀ ਵਿੱਚ ਰੱਖਣ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਅਜਿਹੀ ਕੋਈ ਵੀ ਜਮਹੂਰੀ ਰਾਜ ਵਿਵਸਥਾ ਨਹੀਂ ਹੋ ਸਕਦੀ, ਜਿੱਥੇ ਨਾਗਰਿਕਾਂ ਨੂੰ ਉਹੋ ਜਿਹਾ ਸੋਚਣ ਦਾ ਅਧਿਕਾਰ ਨਾ ਹੋਵੇ, ਜਿਹੋ ਜਿਹਾ ਉਹ ਚਾਹੁਣ।

ਇੱਕ ਸਵਾਲ ਜ਼ਰੂਰ ਬਣਦਾ ਹੈ ਕਿ ਨਾਗਰਿਕ ਦੇ ਇਸ ਅਧਿਕਾਰ ਦੀ ਹੱਦ ਕੀ ਹੈ? ਇਸ ਬਾਰੇ ਮੁਕੰਮਲ ਸੰਵਿਧਾਨ ਤੇ ਕਾਨੂੰਨ ਸਾਡੇ ਕੋਲ ਹੈ। ਜਦੋਂ ਕਦੇ ਇਸ ਹੱਦ ਦੀ ਉਲੰਘਣਾ ਦਾ ਮਾਮਲਾ ਬਣਦਾ ਹੈ ਤਾਂ ਉਸ ਦੇ ਹੱਲ ਦੀ ਪ੍ਰਕਿਰਿਆ ਵੀ ਤੈਅ ਹੈ। ਬਾਕਾਇਦਾ ਇਹ ਦੇਖਿਆ ਜਾਂਦਾ ਹੈ ਕਿ ਕਿਸ ਦੇ ਕਿਸ ਕੰਮ ਨਾਲ ਦੂਜੇ ਦੇ ਅਧਿਕਾਰ ਦੀ ਉਲੰਘਣਾ ਹੋਈ, ਭਾਵ ਜੇ ਸਰਕਾਰ ਦੀ ਆਲੋਚਨਾ ਦਾ ਮੁੱਦਾ ਅੱਗੇ ਵਧਿਆ ਤਾਂ ਸਰਕਾਰ ਨੂੰ ਦਲੀਲ ਦੇਣੀ ਪਵੇਗੀ ਕਿ ਉਸ ਦੀ ਆਲੋਚਨਾ ਕਰਨ ਨਾਲ ਉਸ ਦੇ ਕਿਹੜੇ ਅਧਿਕਾਰ ਦੀ ਉਲੰਘਣਾ ਹੁੰਦੀ ਹੈ? ਇਹ ਦਲੀਲ ਦੇਣ ਲਈ ਕਿਸੇ ਸਰਕਾਰ ਨੂੰ ਬਾਕਾਇਦਾ ਨਿਆਂ ਪ੍ਰਕਿਰਿਆ 'ਚੋਂ ਲੰਘਣਾ ਪਵੇਗਾ। ਉਹ ਇਹ ਮੰਨ ਕੇ ਨਹੀਂ ਚੱਲ ਸਕਦੀ ਕਿ ਉਸ ਕੋਲ ਪਰਮ ਅਧਿਕਾਰ ਹੈ। ਇਹ ਤਰਕ ਉਹ ਬਿਲਕੁਲ ਨਹੀਂ ਦੇ ਸਕਦੀ ਹੈ ਕਿ ਨਾਗਰਿਕਾਂ ਨੇ ਉਸ ਨੂੰ ਪਰਮ ਅਧਿਕਾਰ ਦਿੱਤਾ ਹੋਇਆ ਹੈ। ਨਾਗਰਿਕਾਂ ਨੇ ਜੇ ਕੋਈ ਅਧਿਕਾਰ ਦਿੱਤਾ ਹੈ ਤਾਂ ਬੱਸ ਇੰਨਾ ਹੈ ਕਿ ਨਾਗਰਿਕਾਂ ਦੇ ਹਿੱਤ ਵਿੱਚ ਜੋ ਸੰਵਿਧਾਨ-ਸੰਮਤ ਹੋਵੇ, ਉਹੀ ਸਰਕਾਰ ਕਰੇ।

ਖੈਰ, ਲੋਕਤੰਤਰ ਵਿੱਚ ਖਾਸ ਤੌਰ 'ਤੇ ਪਾਰਲੀਮੈਂਟਰੀ ਲੋਕਤੰਤਰ ਵਿੱਚ ਕੋਈ ਸਰਕਾਰ ਸਥਾਈ ਬਾਡੀ ਨਹੀਂ ਹੁੰਦੀ। ਹਰ ਸਰਕਾਰ ਨੂੰ ਆਪਣਾ ਨਵੀਨੀਕਰਨ ਕਰਨਾ ਪੈਂਦਾ ਹੈ, ਭਾਵ ਨਾਗਰਿਕਾਂ ਵਿੱਚ ਆਪਣੀ ਦਿੱਖ ਬਾਰੇ ਜਮਹੂਰੀ ਸਰਕਾਰਾਂ ਹਮੇਸ਼ਾ ਚੌਕਸ ਜਾਂ ਚਿੰਤਤ ਹੁੰਦੀਆਂ ਹਨ। ਇਸੇ ਚਿੰਤਾ ਵਿੱਚ ਆਪਣੀ ਆਲੋਚਨਾ ਦਾ ਉਹ ਵੱਧ ਪ੍ਰਚਾਰ ਜਾਂ ਪ੍ਰਸਾਰ ਨਹੀਂ ਹੋਣ ਦੇਣਾ ਚਾਹੁੰਦੀ। ਇਸ ਮਕਸਦ ਨਾਲ ਅਜਿਹੀਆਂ ਸਰਕਾਰਾਂ ਆਪਣੀਆਂ ਉਪਲਬਧੀਆਂ ਦੇ ਪ੍ਰਚਾਰ ਅਤੇ ਆਪਣੀ ਚੰਗੀ ਦਿੱਖ ਦੀ ਉਸਾਰੀ ਦੇ ਕੰਮ ਲੱਗਦੀਆਂ ਹਨ। ਆਪਣੇ ਲੋਕਤੰਤਰ ਵਿੱਚ ਹਰ ਸਰਕਾਰ ਕੋਲ ਆਪਣੀ ਸ਼ਲਾਘਾ ਕਰਵਾਉਣ ਦੀ ਭਰੀ-ਪੂਰੀ ਵਿਵਸਥਾ ਹੁੰਦੀ ਹੈ, ਜਿਸ ਦੇ ਲਈ ਬਾਕਾਇਦਾ ਸਰਕਾਰੀ ਵਿਭਾਗ ਅਤੇ ਸਰਕਾਰੀ ਪ੍ਰਚਾਰ ਮਾਧਿਅਮ ਵੀ ਹੁੰਦੇ ਹਨ। ਨੀਤੀ ਦੀ ਗੱਲ ਇਹੀ ਹੈ ਕਿ ਜਮਹੂਰੀ ਸਰਕਾਰਾਂ ਆਪਣੀ ਆਲੋਚਨਾ ਦਾ ਅਸਰ ਖਤਮ ਕਰਨ ਲਈ ਆਪਣੇ ਪ੍ਰਚਾਰ ਤੰਤਰ ਦੀ ਵਰਤੋਂ ਕਰ ਲੈਣ, ਪਰ ਆਲੋਚਨਾ ਨੂੰ ਬੰਦ ਕਰਵਾਉਣਾ ਜਾਇਜ਼ ਨਹੀਂ ਠਹਿਰਦਾ।

ਗੌਰ ਤਲਬ ਹੈ ਕਿ ਸਾਡਾ ਲੋਕਤੰਤਰ ਇਸ ਵਕਤ ਤਜਰਬੇਕਾਰ ਹੋ ਚੁੱਕਾ ਹੈ। ਦੁਨੀਆ ਦਾ ਤਜਰਬਾ ਦੱਸਦਾ ਹੈ ਕਿ ਕਿਸੇ ਸਰਕਾਰ ਨੇ ਕਿੰਨਾ ਵੀ ਜ਼ੋਰ ਲਾਇਆ ਹੋਵੇ, ਨਾਗਰਿਕਾਂ ਦੇ ਇਸ ਵਿਲੱਖਣ ਅਧਿਕਾਰ ਨੂੰ ਉਹ ਹਮੇਸ਼ਾ ਲਈ ਖਤਮ ਕਦੇ ਨਹੀਂ ਕਰਵਾ ਸਕੀ। ਇੱਕ ਸੁਖਦਾਈ ਤਜਰਬਾ ਇਹ ਹੈ ਕਿ ਜਮਹੂਰੀ ਦੇਸ਼ਾਂ 'ਚ ਜ਼ਿਆਦਾ ਗਿਣਤੀ ਵਿੱਚ ਨਾਗਰਿਕਾਂ ਨੇ ਉਸੇ ਗੱਲ ਦਾ ਪੱਖ ਲਿਆ, ਜੋ ਸਹੀ ਹੋਵੇ ਭਾਵ ਨੈਤਿਕ ਹੋਵੇ। ਆਪਣੇ ਵਤੀਰੇ ਨਾਲ ਬਹੁ ਗਿਣਤੀਆਂ ਨੇ ਕਦੇ ਭੁੱਲ-ਚੁੱਕ ਕਰ ਵੀ ਦਿੱਤੀ ਤਾਂ ਉਸ ਨੂੰ ਉਹ ਜਲਦੀ ਸੁਧਾਰ ਲੈਂਦੇ ਹਨ, ਭਾਵ ਲੋਕ ਵਤੀਰੇ ਬਾਰੇ ਖਾਸ ਚਿੰਤਾ ਹੋਣੀ ਨਹੀਂ ਚਾਹੀਦੀ।

ਹਾਂ, ਸਪਾਂਸਰਡ ਆਲੋਚਨਾ ਇੱਕ ਸਥਿਤੀ ਹੋ ਸਕਦੀ ਹੈ, ਸਗੋਂ ਆਮ ਤੌਰ 'ਤੇ ਇਹ ਸਥਿਤੀ ਹਮੇਸ਼ਾ ਰਹਿੰਦੀ ਹੈ। ਲੋਕਤੰਤਰੀ ਆਪੋਜ਼ੀਸ਼ਨ ਨੂੰ ਸੱਤਾ ਧਿਰ ਦੀ ਆਲੋਚਨਾ ਕਰਦੇ ਹੋਏ ਆਪਣੀ ਗੱਲ ਕਹਿਣ ਦਾ ਮੌਕਾ ਮਿਲਦਾ ਹੈ। ਇਹ ਨਵੀਂ ਗੱਲ ਨਹੀਂ। ਭਾਰਤੀ ਲੋਕਤੰਤਰ ਦਾ ਸੱਤ ਦਹਾਕਿਆਂ ਦਾ ਤਜਰਬਾ ਦੱਸਦਾ ਹੈ ਕਿ ਵਿਰੋਧੀ ਧਿਰ ਨੇ ਸਰਕਾਰਾਂ ਦੀ ਆਲੋਚਨਾ ਦਾ ਕਦੇ ਵੀ ਕੋਈ ਮੌਕਾ ਨਹੀਂ ਛੱਡਿਆ। ਇਸ ਤਰ੍ਹਾਂ ਤਾਂ ਭਾਰਤੀ ਲੋਕਤੰਤਰ ਵਿੱਚ ਸਰਕਾਰ ਦੀ ਆਲੋਚਨਾ ਵਿਰੋਧੀ ਧਿਰ ਦਾ ਜਨਮਸਿੱਧ ਅਧਿਕਾਰ ਵੀ ਸਮਝਿਆ ਜਾ ਸਕਦਾ ਹੈ।

## ਹਲਕਾ ਫੁਲਕਾ

ਅਧਿਆਪਕ (ਵਿਦਿਆਰਥੀ ਨੂੰ), ''ਦੱਸੋ! ਕਾਲ (ਵਕਤ) ਕਿੰਨੇ ਤਰ੍ਹਾਂ ਦੇ ਹੁੰਦੇ ਹਨ?''

ਵਿਦਿਆਰਥੀ, ''ਕਾਲ ਤਿੰਨ ਤਰ੍ਹਾਂ ਦੇ ਹੁੰਦੇ ਹਨ।''

ਅਧਿਆਪਕ, ''ਓ ਕੇ, ਇਹ ਦੱਸੋ ਤਿੰਨ ਤਰ੍ਹਾਂ ਦੇ ਕਾਲ ਕਿਹੜੇ ਹਨ?''

ਵਿਦਿਆਰਥੀ ਨੇ ਜਵਾਬ ਦਿੱਤਾ, ''ਜੀ ਡਾਇਲ ਕਾਲ, ਮਿਸ ਕਾਲ ਅਤੇ ਰਿਸੀਵ ਕਾਲ।''

*********

ਮੁੰਡਾ, ''ਤੈਨੂੰ ਮੇਰੇ ਅੰਦਰ ਸਭ ਤੋਂ ਚੰਗੀ ਗੱਲ ਕੀ ਲੱਗਦੀ ਹੈ?''

ਕੁੜੀ, ''ਲੋਕ ਸਮੇਂ ਨਾਲ ਬਦਲ ਜਾਂਦੇ ਹਨ, ਪਰ ਤੂੰ ਨਹੀਂ ਬਦਲਿਆ।''

ਮੁੰਡਾ, ''ਉਹ ਕਿਵੇਂ?''

ਕੁੜੀ, ''ਜਦੋਂ ਮੈਂ ਤੈਨੂੰ ਮਿਲੀ ਸੀ ਤਾਂ ਤੂੰ ਉਸ ਵੇਲੇ ਵੀ ਬੇਰੋਜ਼ਗਾਰ ਸੀ ਅਤੇ ਅੱਜ ਵੀ ਬੇਰੋਜ਼ਗਾਰ ਏਂ।''

*********

ਭੋਲਾ ਆਪਣੇ ਆਟੋ ਦਾ ਇੱਕ ਪਹੀਆ ਲਾਹ ਰਿਹਾ ਸੀ। ਅਚਾਨਕ ਰਾਮੂ ਆਇਆ ਤੇ ਬੋਲਿਆ, ''ਤੂੰ ਆਪਣੇ ਆਟੋ ਦਾ ਪਹੀਆ ਕਿਉਂ ਲਾਹ ਰਿਹਾ ਏਂ?''

ਭੋਲਾ, ''ਓ ਪਾਗਲ, ਨਜ਼ਰ ਨਹੀਂ ਆਉਂਦਾ, ਲਿਖਿਆ ਹੋਇਆ ਹੈ-ਸਿਰਫ ਦੋ-ਪਹੀਆ ਵਾਹਨਾਂ ਲਈ ਪਾਰਕਿੰਗ।''

# ਅਦਭੁੱਤ ਲੋਕ ਕਾਵਿ ਰੂਪ ਥਾਲ



'ਥਾਲ' ਪੰਜਾਬੀ ਲੋਕ ਗੀਤਾਂ ਦਾ ਅਜਿਹਾ ਰੂਪ ਹੈ, ਜੋ ਪੰਜਾਬ ਦੀਆਂ ਬਚਪਨ ਨੂੰ ਟੱਪ ਕੇ ਜਵਾਨੀ ਦੀਆਂ ਬਰੂਹਾਂ 'ਤੇ ਖੜੋਤੀਆਂ ਕੁੜੀਆਂ ਤੇ ਮੁਟਿਆਰਾਂ ਇਸ ਨਾਂ ਦੀ ਹਰਮਨ ਪਿਆਰੀ ਲੋਕ ਖੇਡ ਖੇਡਦੀਆਂ ਹੋਈਆਂ ਨਾਲੋਂ ਨਾਲ ਗਾਉਂਦੀਆਂ ਹਨ। ਇਸ ਨੂੰ ਥਾਲ ਪਾਉਣਾ ਆਖਿਆ ਜਾਂਦਾ ਹੈ। ਇਹ ਪੰਜਾਬੀ ਕੁੜੀਆਂ ਦੀ ਹਰਮਨ ਪਿਆਰੀ ਖੇਡ ਹੈ। ਉਂਜ ਜਵਾਨ ਤੇ ਨਵ ਵਿਆਹੀਆਂ ਵਹੁਟੀਆਂ ਵੀ ਆਪਣੀਆਂ ਨਣਦਾਂ ਤੇ ਭੈਣਾਂ ਨਾਲ ਰਲ ਕੇ ਥਾਲ ਪਾਉਂਦੀਆਂ ਹਨ। ਬਾਲੜੀਆਂ ਕੁੜੀਆਂ ਵੀ ਆਪਣੇ ਨਿੱਕੇ ਵੀਰਾਂ ਭੈਣਾਂ ਨੂੰ ਖਿਡਾਉਂਦੀਆਂ ਹੋਈਆਂ ਰੋੜਿਆਂ ਦੀ ਖੇਡ ਦੇ ਨਾਲ ਹੀ ਇਹ ਖੇਡ ਖੇਡਣ ਲੱਗ ਜਾਂਦੀਆਂ ਹਨ। ਇਹ ਖੇਡ ਆਮ ਤੌਰ 'ਤੇ ਦੁਪਹਿਰ ਸਮੇਂ ਘਰਾਂ ਦੇ ਦਲਾਨਾਂ ਵਿਚ ਖੇਡੀ ਜਾਂਦੀ ਹੈ।

ਥਾਲ ਸੱਤਾਂ ਤੈਹਾਂ (ਪਰਦਿਆਂ) ਵਾਲੀ ਲੀਰਾਂ ਦੀ ਧਾਗਿਆਂ ਨਾਲ ਗੁੰਦੀ ਹੋਈ ਗੇਂਦ ਨਾਲ ਖੇਡੇ ਜਾਂਦੇ ਹਨ, ਜਿਸ ਨੂੰ ਖਿੱਦੋ ਜਾਂ ਖੇਹਨੂੰ ਵੀ ਕਿਹਾ ਜਾਂਦਾ ਹੈ। ਇਸ ਦੇ ਖੇਡਣ ਦਾ ਤਰੀਕਾ ਬਹੁਤ ਸੌਖਾ ਤੇ ਸਰਲ ਹੈ। ਉਂਜ ਗਿਣਤੀ 'ਤੇ ਕੋਈ ਵੀ ਪਾਬੰਦੀ ਨਹੀਂ। ਆਮ ਤੌਰ 'ਤੇ ਇਕ ਤੋਂ ਵੱਧ ਕੁੜੀਆਂ ਇਹ ਖੇਡ ਖੇਡਦੀਆਂ ਹਨ। ਖਿਡਾਰਨਾਂ ਅੱਧ ਚੱਕਰ ਵਿਚ ਧਰਤੀ 'ਤੇ ਬੈਠ ਜਾਂਦੀਆਂ ਹਨ। ਖੇਡ ਸ਼ੁਰੂ ਕਰਨ ਲਈ ਇਕ ਕੁੜੀ ਇਕ ਹੱਥ ਨਾਲ ਖਿੱਦੋ ਨੂੰ ਹਵਾ ਵਿਚ ਉਛਾਲਦੀ ਤੇ ਫੇਰ ਸੱਜੇ ਹੱਥ ਦੀ ਤਲੀ 'ਤੇ ਬੋਚ ਕੇ ਉਸ ਨੂੰ ਇਕਹਿਰੇ ਤਾਲ ਨਾਲ ਆਪਣੀ ਤਲੀ 'ਤੇ ਬੁੜ੍ਹਕਾਉਂਦੀ ਹੋਈ ਨਾਲੋ ਨਾਲ ਇਸੇ ਤਾਲ ਨਾਲ ਥਾਲ ਗੀਤ ਦੇ ਬੋਲ ਬੋਲਦੀ ਹੈ। ਅੱਧ ਚੱਕਰ ਵਿਚ ਬੈਠੀਆਂ ਕੁੜੀਆਂ ਉਸ ਵੱਲ ਉਤਸੁਕਤਾ ਨਾਲ ਵੇਖਦੀਆਂ ਹਨ ਤੇ ਉਨ੍ਹਾਂ ਦੀ ਨਜ਼ਰ ਬੁੜ੍ਹਕਦੀ ਹੋਈ ਖਿੱਦੋ 'ਤੇ ਟਿਕੀ ਹੁੰਦੀ ਹੈ। ਖਿੱਦੋ ਬੁੜ੍ਹਕਣ ਦਾ ਭਾਵ ਖਿੱਦੋ ਦੇ ਟੱਪੇ ਮਰਵਾਉਣ ਹੈ। ਜਦੋ ਇਕ ਥਾਲ ਗੀਤ ਮੁੱਕ ਜਾਂਦਾ ਹੈ ਤਾਂ ਬਿਨਾਂ ਰੁਕੇ ਦੂਜੇ ਥਾਲ ਗੀਤ ਦੇ ਬੋਲ ਬੋਲੇ ਜਾਂਦੇ ਹਨ। ਇਸੇ ਤਰ੍ਹਾਂ ਦੂਜੇ ਪਿੱਛੋਂ ਤੀਜਾ ਤੇ ਤੀਜੇ ਪਿੱਛੋਂ ਚੌਥਾ ਥਾਲ ਤੇ ਇੰਜ ਹੀ ਥਾਲ ਦੇ ਬੋਲ ਬੋਲੇ ਜਾਂਦੇ ਹਨ। ਜੇ ਸੱਜਾ ਹੱਥ ਥੱਕ ਜਾਵੇ ਤਾਂ ਖੱਬੇ ਹੱਥ ਦੀ ਤਲੀ ਨਾਲ ਖਿੱਦੋ ਬੁੜ੍ਹਕਾਉਣ ਤੇ ਥਾਲ ਗਾਉਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਥਾਲਾਂ ਦੀ ਗਿਣਤੀ ਨਾਲੋ ਨਾਲ ਕੀਤੀ ਜਾਂਦੀ ਹੈ। ਜਿੱਥੇ ਖਿੱਦੋ ਡਿੱਗ ਪਵੇ, ਉਥੇ ਖੇਡਣ ਵਾਲੀ ਕੁੜੀ ਦੀ ਹਾਰ ਹੋ ਜਾਂਦੀ ਹੈ ਤੇ ਅਗਲੀ ਕੁੜੀ ਥਾਲ ਪਾਉਣੇ ਆਰੰਭ ਦਿੰਦੀ ਹੈ। ਇਸੇ ਤਰ੍ਹਾਂ ਵਾਰੋ ਵਾਰੀ ਸਾਰੀਆਂ ਕੁੜੀਆਂ ਥਾਲ ਪਾਉਂਦੀਆਂ ਹਨ। ਅਖੀਰ ਵਿਚ ਸਾਰੀਆਂ ਕੁੜੀਆਂ ਦੇ ਥਾਲਾਂ ਦੀ ਗਿਣਤੀ ਕੀਤੀ ਜਾਂਦੀ ਹੈ। ਜਿਸ ਕੁੜੀ ਨੇ ਸਭ ਤੋਂ ਵੱਧ ਥਾਲ ਪਾਏ ਹੋਣ, ਉਸ ਨੂੰ ਜੇਤੂ ਕੁੜੀ ਮੰਨਿਆ ਜਾਂਦਾ ਹੈ।

ਥਾਲਾਂ ਦੀ ਲੰਬਾਈ ਵਿਚ ਥੋੜ੍ਹਾ ਬਹੁਤ ਅੰਤਰ ਹੁੰਦਾ ਹੈ, ਪਰ ਇਹ ਗੀਤ ਖਿੱਦੋ ਦੀ ਗਤੀ ਅਨੁਸਾਰ ਇਕ ਖਾਸ ਸੁਰ ਤੇ ਤਾਲ ਨਾਲ ਗਾਏ ਜਾਂਦੇ ਹਨ। ਕਿਕਲੀ ਦੇ ਗੀਤਾਂ ਵਾਂਗ ਇਨ੍ਹਾਂ ਦੀ ਬਣਤਰ ਵੀ ਸੰਜਮੀ ਸ਼ਬਦਾਂ ਰਾਹੀ ਤੁਕਾਂਤ ਮੇਲ ਕੇ ਸਿਰਜੀ ਜਾਂਦੀ ਹੈ। ਗਾਉਣ ਵਾਲੀ ਕੁੜੀ ਆਪਣੀ ਕਲਪਨਾ ਅਨੁਸਾਰ ਸ਼ਬਦਾਂ ਦੀ ਘਾੜਤ ਘੜਦੀ ਹੈ।

ਥਾਲ ਪਾਉਂਦੀਆਂ ਕੁੜੀਆਂ ਦੀ ਉਮਰ ਬਚਪਨ ਅਤੇ ਜਵਾਨੀ ਵਿਚਕਾਰ ਹੋਣ ਕਰਕੇ ਉਨ੍ਹਾਂ ਦਾ ਸੰਸਾਰ ਆਪਣੇ ਭੈਣਾਂ ਭਰਾਵਾਂ, ਭਰਜਾਈਆਂ ਤੇ ਆਪਣੇ ਮਾਂ ਬਾਪ ਦੇ ਦੁਆਲੇ ਉਸਾਰਿਆਂ ਹੁੰਦਾ ਹੈ, ਇਸ ਲਈ ਉਹ ਥਾਲ ਦੇ ਗੀਤਾਂ ਵਿਚ ਉਨ੍ਹਾਂ ਦਾ ਜ਼ਿਕਰ ਵਾਰ ਵਾਰ ਕਰਦੀਆਂ ਹਨ। ਵੀਰਾਂ ਲਈ ਭੈਣਾਂ ਦਾ ਡੁੱਲ੍ਹ, ਡੁੱਲ੍ਹ ਪੈਂਦਾ ਪਿਆਰ ਅਤੇ ਆਪਣੇ ਮਾਂ ਬਾਪ ਪ੍ਰਤੀ ਮੋਹ ਦਾ ਪ੍ਰਗਟਾਵਾ ਕਰਦੀਆਂ ਕੁੜੀਆਂ ਦੇ ਬੋਲ ਹਵਾਵਾਂ ਵਿਚ ਮੋਹ ਮੁਹੱਬਤਾਂ ਦੀ ਸੁਗੰਧ ਬਿਖੇਰਦੇ ਹਨ। ਖਿੱਦੋ ਬੁੜ੍ਹਕਣ ਅਥਵਾ ਟੱਪਾ ਲਾਉਣ ਨਾਲ ਹੀ ਥਾਲ ਦੇ ਬੋਲ ਵਿਸ਼ੇਸ਼ ਤਾਲ ਦੇ ਸੁਰ ਵਿਚ ਸੁਣਾਈ ਦਿੰਦੇ ਹਨ। ਪਹਿਲਾ ਥਾਲ ਆਰੰਭ ਹੁੰਦਾ ਹੈ

ਥਾਲ ਥਾਲ ਥਾਲ, ਮਾਂ ਮੇਰੀ ਦੇ ਲੰਮੇ ਵਾਲ  
ਪਿਓ ਮੇਰਾ ਸ਼ਾਹੂਕਾਰ  
ਸ਼ਾਹੂਕਾਰ ਨੇ ਬਾਗ ਲਵਾਇਆ  
ਅੰਦਰੋਂ ਪਾਣੀ ਰੁੜ੍ਹਦਾ ਆਇਆ

-ਸੁਖਦੇਵ ਮਾਦਪੁਰੀ-

ਰੁੜ੍ਹ ਰੜ੍ਹ ਪਾਣੀਆਂ  
ਸੁਰਮੇਂ ਦਾਨੀਆਂ  
ਸੁਰਮਾਂ ਪਾਵਾਂ  
ਕੱਜਲ ਪਾਵਾਂ  
ਪਾਵਾਂ ਫੁੱਲ ਗੁਲਾਬ ਦਾ  
ਭਾਬੋ ਮੇਰੀ ਜ਼ੁਲਫਾਂ ਵਾਲੀ  
ਵੀਰ ਮੇਰਾ ਸਰਦਾਰ  
ਆਲ ਮਾਲ ਹੋਇਆ ਬੀਬੀ ਪਹਿਲਾ ਥਾਲ

ਪਹਿਲਾ ਥਾਲ ਮੁੱਕਣ ਦੇ ਨਾਲ ਹੀ ਦੂਜਾ ਥਾਲ ਸ਼ੁਰੂ ਕਰਦੀ ਹੋਈ ਭੈਣ ਵੀਰ ਨੂੰ ਯਾਦ ਕਰਦੀ ਹੈ

ਕੋਠੇ ਉੱਤੇ ਗੰਨਾ, ਵੀਰ ਮੇਰਾ ਲੰਮਾ  
ਭਾਬੋ ਮੇਰੀ ਪਤਲੀ, ਜੀਹਦੇ ਨੱਕ ਮਛਲੀ  
ਮਛਲੀ ਤੇ ਮੈਂ ਨਹਾਵਣ ਗਈਆਂ ਲੰਡੇ ਪਿੱਪਲ ਹੇਠ  
ਲੰਡਾ ਪਿੱਪਲ ਢੈ ਪਿਆ ਮਛਲੀ ਆ ਗਈ ਹੇਠ  
ਮਛਲੀ ਦੇ ਦੋ ਮਾਮੇ ਆਏ ਮੇਰਾ ਆਇਆ ਜੇਠ  
ਜੇਠ ਦੀ ਮੈਂ ਰੋਟੀ ਪਕਾ'ਤੀ ਨਾਲ ਪਕਾਈਆ ਤੋਰੀਆਂ  
ਅੱਲਾ ਮੀਆਂ ਭਾਗ ਲਾਏ, ਵੀਰਾਂ ਦੀਆਂ ਜੋੜੀਆਂ  
ਆਲ ਮਾਲ, ਹੋਇਆ ਬੀਬੀ ਦੂਜਾ ਥਾਲ

ਥਾਲਾਂ ਰਾਹੀਂ ਬੱਚਿਆਂ ਤੇ ਨਿੱਕੀਆਂ ਕੁੜੀਆਂ ਵਿਚ ਸਾਡੇ ਰਹਿਣ ਸਹਿਣ ਕੰਮ ਧੰਦਿਆਂ ਤੇ ਸਾਕਾਦਾਰੀ ਪ੍ਰਬੰਧ ਅਤੇ ਖਾਣ ਪੀਣ ਬਾਰੇ ਖੇਡ ਖੇਡ ਵਿਚ ਥਾਲ ਪਾਏ ਜਾਂਦੇ ਹਨ। ਸੈਂਕੜਿਆਂ ਦੀ ਗਿਣਤੀ ਵਿਚ ਇਹ ਥਾਲ ਉਪਲੱਬਧ ਹਨ। ਸਾਡਾ ਆਲਾ ਦੁਆਲਾ ਇਨ੍ਹਾਂ ਵਿਚ ਵਿਦਮਾਨ ਹੈ

ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲਾਵਾਂ ਕੁੰਡੇ  
ਸਦਾ ਕੁੜੀ ਨੂੰ ਵਿਆਹੁਣ ਚੱਲੇ, ਚਹੁੰ ਕੂੰਟਾਂ ਦੇ ਮੁੰਡੇ  
ਮੁੰਡਿਆਂ ਦੇ ਸਿਰ ਟੋਪੀਆਂ, ਜਿਊਣ ਸਾਡੀਆਂ ਝੋਟੀਆਂ  
ਝੋਟੀਆਂ ਦੇ ਸਿਰ ਬੱਗੇ, ਜਿਊਣ ਸਾਡੇ ਹਾਲੀ  
ਹਾਲੀ ਦੇ ਪੈਰ ਜੁੱਤੀ, ਜੀਵੇ ਸਾਡੀ ਕੁੱਤੀ  
ਕੁੱਤੀ ਦੇ ਨਿਕਲਿਆ ਫੋੜਾ, ਜੀਵੇ ਸਾਡਾ ਘੋੜਾ  
ਘੋੜੇ 'ਤੇ ਲਾਲ ਕਾਠੀ, ਜੀਵੇ ਸਾਡਾ ਹਾਥੀ  
ਹਾਥੀ ਦੇ ਸਿਰ ਝਾਫੇ, ਜਿਊਣ ਸਾਡੇ ਮਾਪੇ  
ਮਾਪਿਆਂ ਨੇ ਦਿੱਤਾ ਖੇਸ, ਜੀਵੇ ਸਾਡਾ ਦੇਸ  
ਆਲ ਮਾਲ ਹੋਇਆ ਪੂਰਾ ਥਾਲ

ਜਿੱਥੇ ਮਾਂ ਬਾਪ ਤੇ ਭਰਾਵਾਂ ਲਈ ਸਦਭਾਵਨਾ ਦਰਸਾਈ ਜਾਂਦੀ ਹੈ, ਓਥੇ ਸਾਕਾਦਾਰੀ ਵਿਚੋਂ ਸੱਸ-ਸਹੁਰਾ ਤੇ ਸਹੁਰੇ ਪਰਿਵਾਰ ਦਾ ਜ਼ਿਕਰ ਵੀ ਹੁੰਦਾ ਹੈ

ਰਾਹ ਵਿਚ ਪੌੜੀ, ਸੱਸ ਮੇਰੀ ਕੋਹੜੀ  
ਸਹੁਰਾ ਮੇਰਾ ਮਿੱਠਾ, ਜਮਾਲਪੁਰ ਡਿੱਠਾ  
ਨਣਦ ਕੁੜੀ ਨਾ ਆਈ  
ਨਣਦ ਕੁੜੀ ਦਾ ਗਿੱਟਾ ਭੱਜਾ  
ਹਿੰਗ ਜਮੈਣ ਲਾਈ, ਤੂੰ ਨਾ ਲਾਈ  
ਮੈਂ ਨਾ ਲਾਈ, ਲਾ ਗਿਆ ਕਸਾਈ  
ਤੇਰੇ ਪੇਕਿਆਂ ਦਾ ਨਾਈ  
ਤੈਨੂੰ ਅਜੇ ਵੀ ਖਬਰ ਨਾ ਆਈ  
ਆਲ ਮਾਲ ਹੋਇਆ ਬੀਬੀ ਪੂਰਾ ਥਾਲ

ਪ੍ਰਦੇਸੀ ਗਏ ਵੀਰਾਂ ਲਈ ਅਰਦਾਸ ਕਰਦੀ ਭੈਣ ਆਪਣੇ ਮਾਂ ਬਾਪ ਦੇ ਵਾਰੇ ਵਾਰੇ ਜਾਂਦੀ ਹੋਈ ਥਾਲ ਪਾਉਂਦੀ ਹੈ

ਕੋਠੇ ਉੱਤੇ ਤਾਣੀ, ਖੂਹ 'ਚ ਮਿੱਠਾ ਪਾਣੀ  
ਬਾਬਲ ਮੇਰਾ ਰਾਜਾ, ਅੰਬੜੀ ਰਾਣੀ  
ਦੁੱਧ ਦੇਵਾਂ, ਦਹੀਂ ਜਮਾਵਾਂ  
ਵੀਰਾਂ ਦੀਆਂ ਦੂਰ ਬਲਾਵਾਂ, ਵੇਲ ਕੱਢਾਂ ਫੁੱਲ ਕੱਢਾਂ  
ਕੱਢਾਂ ਮੈਂ ਕਸੀਦੜਾ, ਲਹਿਰਾਂ ਦੀ ਮੈਂ ਵੇਲ ਪਾਵਾਂ  
ਰੰਗਾਂ ਦਾ ਬਗੀਚੜਾ, ਸਭ ਭਰਾਈਆਂ ਕੁੜੀਆਂ  
ਆਰੇ ਪਾਰੇ ਜੁੜੀਆਂ  
ਆਲ ਮਾਲ ਹੋਇਆ ਪੂਰਾ ਥਾਲ

ਲੰਬੇ ਆਕਾਰ ਦੇ ਗੀਤਾਂ ਤੋਂ ਇਲਾਵਾ ਵੀ ਨਿੱਕੀਆਂ ਬੱਚੀਆਂ ਛੋਟੇ ਆਕਾਰ ਦੇ ਥਾਲ ਪਾਉਂਦੀਆਂ ਹਨ

ਪੈਲਾਂ ਪੂਲਾਂ ਪਾ ਕੇ  
ਮੈਂ ਬੈਠੀ ਮੂਹੜਾ ਡਾਹ ਕੇ  
ਵੀਰ ਆਇਆ ਨਹਾ ਕੇ  
ਮੈਂ ਰੋਟੀ ਦਿੱਤੀ ਪਾ ਕੇ  
ਵੀਰਾ ਖਾਣੀ ਏ ਤੇ ਖਾ  
ਨਹੀਂ ਨੌਕਰੀ ਤੇ ਜਾ  
ਆਲ ਮਾਲ ਹੋਇਆ ਬੀਬੀ ਪੂਰਾ ਥਾਲ

ਕਈ ਕੁੜੀਆਂ ਤਾਂ ਲਗਾਤਾਰ ਖਿੱਦੋ ਬੁੜ੍ਹਕਾਈ ਜਾਂਦੀਆਂ ਹਨ ਤੇ ਨਾਲੋ ਨਾਲ ਥਾਲ ਪਾਈ ਜਾਂਦੀਆਂ ਹਨ। ਇਕ ਕੁੜੀ ਦੇ ਲਗਾਤਾਰ ਸੱਠ ਥਾਲ ਪਾਉਣ ਦਾ ਜ਼ਿਕਰ ਮਿਲਦਾ ਹੈ

ਅੱਠ ਅਠੈਂਗਣ  
ਬਾਰਾਂ ਬੈਂਗਣ  
ਕੱਦੂ ਪੱਕਣ ਤੋਰੀਆਂ  
ਖਟ ਲਿਆਵਾਂ ਬੋਰੀਆਂ  
ਬੋਰੀ ਬੋਰੀ ਘਿਓ  
ਜੀਵੇ ਰਾਜਾ ਪਿਓ  
ਪਿਓ ਪੈਰੀਂ ਜੁੱਤੀ  
ਜੀਵੇ ਕਾਲੀ ਕੁੱਤੀ  
ਕਾਲੀ ਕੁੱਤੀ ਦੇ ਕਤੂਰੇ  
ਮੇਰੇ ਸੱਭੇ ਥਾਲ ਪੂਰੇ  
ਮੇਰਾ ਇਕ ਵੀ ਨਾ ਘੱਟ  
ਮੇਰੇ ਹੋ ਗਏ ਪੂਰੇ ਸੱਠ  
ਆਲ ਮਾਲ ਹੋਇਆ ਬੀਬੀ ਪੂਰਾ ਥਾਲ

ਮਸ਼ੀਨੀਕਰਨ ਦੇ ਪ੍ਰਭਾਵ ਸਕਦਾ ਮਨੋਰੰਜਨ ਦੇ ਸਾਧਨ ਬਦਲ ਗਏ ਹਨ ਜਿਸ ਕਰਕੇ ਥਾਲ ਪਾਉਣ ਦੀ ਪ੍ਰੰਪਰਾ ਵੀ ਖਤਮ ਹੋ ਗਈ ਹੈ। ਪੰਜਾਬ ਦੇ ਪੇਂਡੂ ਸਕੂਲਾਂ ਵਿਚ ਅੱਧੀ ਛੁੱਟੀ ਵੇਲੇ ਨਿੱਕੀਆਂ ਕਦੇ ਕਦੇ ਨਜ਼ਰ ਆਉਂਦੀਆਂ ਹਨ। ਸ਼ਹਿਰਾਂ ਵਿਚ ਇਹ ਪ੍ਰਥਾ ਖਤਮ ਹੋ ਗਈ ਹੈ ਜਿਸ ਕਰਕੇ ਥਾਲ ਪਾਉਣ ਤੇ ਥਾਲ ਗੀਤ ਰੂਪ ਦੀ ਸਿਰਜਣ ਪ੍ਰਕਿਰਿਆ ਵੀ ਸਮਾਪਤ ਹੋ ਗਈ ਹੈ। ਥਾਲ ਗੀਤ ਰੂਪ ਸਾਡੇ ਲੋਕ ਸਾਹਿਰ ਦਾ ਖਜ਼ਾਨਾ ਹਨ। ਇਸ ਨੂੰ ਲਿਖਤੀ ਰੂਪ ਵਿਚ ਸਾਂਭਣ ਦੀ ਲੋੜ ਹੈ।

# ਜਦੋਂ ਪਸ਼ੂਆਂ ਨੇ ਲਾਇਆ ਨਾਕਾ..

-ਕ੍ਰਿਸ਼ਨ ਪ੍ਰਤਾਪ

ਇਕ ਸ਼ਾਮ ਜਦ ਮੈਂ ਆਪਣਾ ਮੋਬਾਈਲ ਫੋਨ ਚਾਲੂ ਕੀਤਾ ਤਾਂ ਇਕ ਤਸਵੀਰ ਨੇ ਮੇਰਾ ਧਿਆਨ ਖਿੱਚਿਆ। ਇਸ ਵਿੱਚ ਪੰਜਾਹ ਸੱਠ ਅਵਾਰਾ ਪਸ਼ੂ ਬਿਲਕੁਲ ਸੜਕ ਦੇ ਵਿਚਾਲੇ ਬੈਠੇ ਹੋਏ ਸਨ। ਪਿਛਲੇ ਲੰਮੇ ਸਮੇਂ ਤੋਂ ਇਹ ਮਸਲਾ ਭਖਿਆ ਹੋਣ ਕਾਰਨ ਮੈਂ ਸੋਚਿਆ ਕਿ ਇਸ ਬਾਰੇ ਪੋਸਟ ਫੇਸਬੁੱਕ 'ਤੇ ਸਾਂਝੀ ਕੀਤੀ ਜਾਵੇ। ਇਹ ਮਸਲਾ ਥੋੜ੍ਹਾ ਜਿਹਾ ਗੰਭੀਰ ਵੀ ਸੀ, ਕਿਉਂਕਿ ਇਸ ਨਾਲ ਕਈ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਤੇ ਕੁਝ ਲੋਕ ਇਸ ਨੂੰ ਸਿਰਫ ਕਿਸਾਨੀ ਦਾ ਸਹੇੜਿਆ ਮਸਲਾ ਆਖ ਕੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਨ ਲੱਗਦੇ ਹਨ। ਇਸ ਲਈ ਮੈਂ ਇਹੋ ਜਿਹੀ ਸ਼ਬਦਾਵਲੀ ਚੁਣੀ ਕਿ ਦੋਵਾਂ ਧਿਰਾਂ ਨੂੰ ਆਪਣਾ ਆਪ ਦੋਸ਼ੀ ਨਾ ਲੱਗੇ, ਪਰ ਦੋਵੇਂ ਧਿਰਾਂ ਇਸ ਗੰਭੀਰ ਮੁੱਦੇ ਦੇ ਹੱਲ ਬਾਰੇ ਵੀ ਜ਼ਰੂਰ ਸੋਚਣ। ਮੇਰਾ ਇਹ ਯਤਨ ਸਫਲ ਹੋਇਆ। ਪੋਸਟ ਦੇ ਥੱਲੇ ਵਧੀਆ ਤੇ ਉਸਾਰੂ ਵਿਚਾਰ ਆਏ। ਬਹੁਤਿਆਂ ਨੇ ਇਸ ਦੇ ਹੱਲ ਲਈ ਸੁਝਾਅ ਦਿੱਤੇ। ਫਾਲਤੂ ਜਾਂ ਭੜਕਾਊ ਕੁਮੈਂਟ ਕਿਸੇ ਨੇ ਨਹੀਂ ਸੀ ਲਿਖਿਆ।

ਅਗਲੀ ਸਵੇਰ ਜਦ ਮੈਂ ਸੈਰ ਤੋਂ ਵਾਪਸ ਆ ਰਿਹਾ ਸਾਂ ਤਾਂ ਤਿੰਨ ਚਾਰ ਢੱਠੇ ਤੇ ਦਸ ਬਾਰਾਂ ਗਾਵਾਂ ਗਲੀ ਮੱਲੀ ਖੜੀਆਂ ਸਨ। ਉਨ੍ਹਾਂ ਨੂੰ ਵੇਖ ਕੇ ਮੈਂ ਉਥੇ ਹੀ ਰੁਕ ਗਿਆ। ਮੈਨੂੰ ਆਸ ਸੀ ਕਿ ਦੋ ਚਾਰ ਮਿੰਟ ਬਾਅਦ ਉਹ ਉਥੋਂ ਅੱਗੇ ਤੁਰ ਜਾਣਗੀਆਂ। ਪੰਜ ਛੇ ਮਿੰਟ ਬੀਤ ਗਏ, ਪਰ ਉਨ੍ਹਾਂ ਨੇ ਉਥੇ ਇੰਝ ਡੇਰਾ ਜਮਾ ਲਿਆ, ਜਿਵੇਂ ਉਹ ਨਾਨਕੀ ਘਰ ਆਏ ਹੋਣ। ਉਹ ਇਕ ਦੂਜੇ ਨੂੰ ਢੁੱਡਾਂ ਮਾਰਦੇ ਉਥੇ ਹੀ ਖਰਮਸਤੀਆਂ ਕਰਦੇ ਰਹੇ। ਮੇਰੇ ਮਨ ਵਿੱਚ ਕਾਹਲ ਪੈਦਾ ਹੋਣੀ ਸ਼ੁਰੂ ਹੋ ਗਈ ਸੀ, ਕਿਉਂਕਿ ਮੈਂ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਦੇ ਨਾਲ-ਨਾਲ ਆਪ ਵੀ ਸਕੂਲ ਲਈ ਤਿਆਰ ਹੋਣਾ ਸੀ।

ਪਸ਼ੂਆਂ ਵੱਲੋਂ ਲਾਏ ਇਸ 'ਨਾਕੇ' ਕਾਰਨ ਗਲੀ ਦੇ ਦੋਵਾਂ ਪਾਸਿਆਂ ਤੋਂ ਆਉਣ ਵਾਲੇ ਟਾਵੇਂ ਟੱਲੇ ਸਕੂਟਰ ਤੇ ਮੋਟਰ ਸਾਈਕਲਾਂ ਵਾਲੇ ਆਪਣੇ ਰਾਹ ਬਦਲਣ ਲੱਗ ਪਏ। ਮੈਨੂੰ ਉਥੇ ਖੜ੍ਹੇ ਨੂੰ ਪੰਦਰਾਂ ਮਿੰਟ ਦੇ ਕਰੀਬ ਹੋ ਚੁੱਕੇ ਸਨ। ਕੁਦਰਤੀ ਇਕ ਨੌਜਵਾਨ ਮੁੰਡਾ ਮੋਟਰ ਸਾਈਕਲ ਉਤੇ ਮੇਰੇ ਕੋਲ ਆ ਕੇ ਖੜੋ ਗਿਆ। ਉਹ ਟਿਊਸ਼ਨ ਪੜ੍ਹ ਕੇ ਆਇਆ ਸੀ ਤੇ ਉਸ ਨੇ ਵੀ ਇਸ ਰਸਤੇ ਤੋਂ ਘਰ ਵਾਪਸ ਜਾਣਾ ਸੀ। ਅਸੀਂ ਦੋਵੇਂ ਜਣੇ ਪਸ਼ੂਆਂ ਦੇ ਉਥੋਂ ਹਟਣ ਦੀ ਉਮੀਦ ਵਿੱਚ ਖੜੇ ਰਹੇ।

ਕੁਝ ਦੇਰ ਬਾਅਦ ਸਕੂਲ ਬੱਸ ਆਈ ਤਾਂ ਸਾਡੇ ਸਾਹ ਵਿੱਚ ਸਾਹ ਆਇਆ। ਉਸ ਬੱਸ ਦੇ ਡਰਾਈਵਰ ਨੇ ਉਚੀ-ਉਚੀ ਹਾਰਨ ਵਜਾ ਕੇ ਬੱਸ ਨੂੰ ਪਸ਼ੂਆਂ ਵੱਲ ਧੱਕ ਦਿੱਤਾ। ਇਸ ਨਾਲ ਪਸ਼ੂ ਇਧਰ ਉਧਰ ਹੋਏ ਤੇ ਬੱਸ ਲੰਘ ਗਈ। ਥੋੜ੍ਹਾ ਜਿਹਾ ਰਸਤਾ ਬਣ ਗਿਆ। ਸਾਨੂੰ ਲੱਗਾ ਕਿ ਇਸ ਮੌਕੇ ਦਾ ਲਾਭ ਉਠਾ ਲਿਆ ਜਾਵੇ। ਲੜਕੇ ਕਾਹਲੀ ਨਾਲ ਮੋਟਰ ਸਾਈਕਲ ਦੀ ਕਿੱਕ ਮਾਰੀ ਤੇ ਮੈਂ ਕਮਾਂਡੋ ਪੁਲਸ ਤੋਂ ਤੇਜ਼ੀ ਨਾਲ ਉਸ ਦੇ ਮਗਰ ਬੈਠ ਗਿਆ। ਸਾਡੇ ਉਥੇ ਪੁੱਜਦੇ ਸਾਰ ਦੋ ਢੱਠਿਆਂ ਨੂੰ ਪਤਾ ਨਹੀਂ ਕੀ ਗੁੱਸਾ ਚੜ੍ਹਿਆ ਕਿ ਉਹ ਢੁੱਡਾਂ ਕੱਢਦੇ ਹੋਏ ਸਾਡੇ ਵੱਲ ਵਧੇ। ਸਾਡਾ ਮੋਟਰ ਸਾਈਕਲ ਇਕ ਗਾਂ ਨਾਲ ਟਕਰਾ ਗਿਆ, ਪਰ ਲੜਕਾ ਪਹਿਲਾਂ ਤੋਂ ਚੌਕਸ ਹੋਣ ਕਾਰਨ ਉਸ ਨੇ ਇਸ ਨੂੰ ਡੋਲਣ ਨਾ ਦਿੱਤਾ। ਇਕ ਵਾਰ ਦਿਲ ਇੰਨੇ ਜ਼ੋਰ ਨਾਲ ਧੜਕਿਆ ਕਿ ਲੱਗਾ ਕਿ ਇਨ੍ਹਾਂ ਤੋਂ ਬਚਣਾ ਅਸੰਭਵ ਹੈ। ਕੁਝ ਸਕਿੰਟਾਂ ਵਿੱਚ ਅਸੀਂ ਪਸ਼ੂਆਂ ਵਾਲੀ ਜਗ੍ਹਾ ਪਾਰ ਕਰ ਗਏ, ਪਰ ਦੋਵੇਂ ਢੱਠੇ ਅਜੇ ਵੀ ਸਾਡਾ ਪਿੱਛਾ ਕਰਦੇ ਭੱਜੇ ਆ ਰਹੇ ਸਨ। ਲੜਕੇ ਨੇ ਮੋਟਰ ਸਾਈਕਲ ਨੂੰ ਪੂਰਾ ਤੇਜ਼ ਭਜਾ ਦਿੱਤਾ ਤੇ ਅਸੀਂ ਉਸ ਝੁੰਡ ਵਿੱਚੋਂ ਬਾਹਰ ਨਿਕਲ ਗਏ। ਉਹ ਜਗ੍ਹਾ ਪਾਰ ਕਰਕੇ ਇੰਝ ਮਹਿਸੂਸ ਹੋਇਆ ਜਿਵੇਂ ਅਸੀਂ ਕੋਈ ਅੱਗ ਦਾ ਸਮੁੰਦਰ ਪਾਰ ਕਰ ਲਿਆ ਹੋਵੇ।

ਮੈਂ ਉਸ ਲੜਕੇ ਦਾ ਧੰਨਵਾਦ ਕਰਕੇ ਮੋਟਰ ਸਾਈਕਲ ਤੋਂ ਉਤਰਿਆ ਤੇ ਬੇਹੱਦ ਡਰੇ ਹੋਏ ਨੇ ਘਰ ਵੱਲ ਚਾਲੇ ਪਾ ਦਿੱਤੇ। ਦਰਵਾਜ਼ਾ ਖੋਲ੍ਹਦੇ ਸਾਰ ਮੂਹਰੇ ਅਖਬਾਰ ਪਏ ਸਨ। ਮੈਂ ਉਨ੍ਹਾਂ ਨੂੰ ਚੁੱਕ ਕੇ ਘਰ ਦੇ ਅੰਦਰ ਗਿਆ ਅਤੇ ਮੁੱਖ ਪੰਨਿਆਂ ਉਤੇ ਤਰਦੀ-ਤਰਦੀ ਨਜ਼ਰ ਮਾਰਨੀ ਸ਼ੁਰੂ ਕਰ ਦਿੱਤੀ। ਤਿੰਨਾਂ ਅਖਬਾਰਾਂ ਦੇ ਮੁੱਖ ਪੰਨਿਆਂ ਉੱਤੇ ਦਾਦਾ-ਪੋਤੀ ਦੇ ਅਵਾਰਾ ਪਸ਼ੂਆਂ ਦੀ ਚਪੇਟ ਵਿੱਚ ਆ ਕੇ ਮਾਰੇ ਜਾਣ ਦੀ ਖਬਰ ਛਪੀ ਹੋਈ ਸੀ। ਇਕ ਅਖਬਾਰ 'ਚ ਇਨ੍ਹਾਂ ਦੋਵਾਂ ਸਮੇਤ ਇਕ ਹੋਰ ਵਿਅਕਤੀ ਦੀ ਮੌਤ ਦਾ ਪੂਰਾ ਵੇਰਵਾ ਲਿਖਿਆ ਹੋਇਆ ਸੀ। ਉਸ ਵਿਅਕਤੀ ਨੂੰ ਇਕ ਅਵਾਰਾ ਢੱਠੇ ਨੇ ਇੰਨੀ ਬੁਰੀ ਤਰ੍ਹਾਂ ਧਰਤੀ ਉਤੇ ਪਟਕਾ ਕੇ ਮਾਰਿਆ ਸੀ ਕਿ ਉਸ ਦਾ ਸਿਰ ਧੜ ਤੋਂ ਵੱਖ ਹੋ ਗਿਆ ਸੀ। ਇਹ ਸਭ ਕੁਝ ਪੜ੍ਹ ਕੇ ਮੈਂ ਪਰੇਸ਼ਾਨ ਹੋ ਗਿਆ ਸਾਂ। ਜਦ ਮੈਂ ਆਪਣੇ ਮੋਬਾਈਲ 'ਤੇ ਨਜ਼ਰ ਮਾਰੀ ਤਾਂ ਆਪਣੀ ਪਾਈ ਹੋਈ ਪੋਸਟ 'ਤੇ ਨਵੇਂ ਆਏ ਕੁਮੈਂਟ ਪੜ੍ਹ ਕੇ ਮੈਂ ਪਰੇਸ਼ਾਨ ਰਹਿ ਗਿਆ। ਇਨ੍ਹਾਂ ਵਿੱਚ ਵੱਖ-ਵੱਖ ਥਾਵਾਂ ਉਤੇ ਅਵਾਰਾ ਪਸ਼ੂਆਂ ਕਾਰਨ ਹੋਏ ਹਾਦਸਿਆਂ ਦੀਆਂ ਛਪੀਆਂ ਰਿਪੋਰਟਾਂ ਸਭ ਤੋਂ ਵੱਧ ਸਨ। ਮੈਨੂੰ ਆਪਣਾ ਆਪ ਸੰਭਾਲਣ ਵਿੱਚ ਕਾਫੀ ਸਮਾਂ ਲੱਗ। ਮੈਂ ਘਰੋਂ ਸਕੂਲ ਵੱਲ ਨੂੰ ਤੁਰ ਪਿਆ ਸਾਂ, ਪਰ ਜਦ ਵੀ ਮੈਨੂੰ ਰਸਤੇ ਵਿੱਚ ਕੋਈ ਆਵਾਰਾ ਪਸ਼ੂ ਵਿਖਾਈ ਦਿੰਦਾ ਤਾਂ ਮੈਂ ਬੇਲੋੜਾ ਚੌਕੰਨਾ ਹੋ ਕੇ ਰੁਕ ਜਾਂਦਾ ਰਿਹਾ। ਨਾ ਚਾਹੁੰਦੇ ਹੋਏ ਵੀ ਮੈਂ ਸਕੂਲ ਦੇਰ ਨਾਲ ਪੁੱਜਾ ਸਾਂ।

ਸਾਰੀ ਦਿਹਾੜੀ ਮੇਰੇ ਦਿਮਾਗ ਵਿਚ ਕਈ ਸਵਾਲ ਘੁੰਮਦੇ ਰਹੇ। ਕੀ ਮਨੁੱਖੀ ਜ਼ਿੰਦਗੀ ਏਨੀ ਸਸਤੀ ਹੋ ਚੁੱਕੀ ਹੈ ਕਿ ਕੋਈ ਵੀ ਅਵਾਰਾ ਪਸ਼ੂ ਇਸ ਨੂੰ ਪਲਾਂ ਵਿੱਚ ਖਤਮ ਕਰ ਸਕਦਾ ਹੈ? ਕੀ ਅਣ ਕਿਆਸੇ ਅਤੇ ਅਣ ਵਿਉਂਤੇ ਸ਼ਹਿਰੀਕਰਨ ਕਾਰਨ ਅਸੀਂ ਪਸ਼ੂਆਂ ਤੋਂ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਖੋਹ ਲਈ ਹੈ ਤੇ ਇਸ ਕਰਕੇ ਉਹ ਅਜਿਹਾ ਵਿਹਾਰ ਕਰਦੇ ਹਨ? ਕੀ ਸਾਡੇ ਧਰਮ ਤੇ ਕਾਨੂੰਨ ਮਨੁੱਖ ਤੋਂ ਉਪਰ ਦਾ ਦਰਜਾ ਹਾਸਲ ਕਰ ਚੁੱਕੇ ਹਨ ਕਿ ਅਸੀਂ ਉਨ੍ਹਾਂ ਦੀਆਂ ਗਲਤ ਧਾਰਨਾਵਾਂ ਤੇ ਧਾਰਾਵਾਂ ਖਿਲਾਫ ਉਂਗਲ ਵੀ ਨਹੀਂ ਚੁੱਕ ਸਕਦੇ?

ਫਿਰ ਮਨ 'ਚ ਆਇਆ ਕਿ ਇਸ ਦੀ ਸਭ ਤੋਂ ਵੱਡੀ ਜ਼ਿੰਮੇਵਾਰ ਤਾਂ ਸਰਕਾਰ ਹੈ। ਉਹ ਸਾਡੇ ਕੋਲੋਂ ਹਜ਼ਾਰਾਂ ਕਰੋੜ ਰੁਪਏ 'ਗਊ ਟੈਕਸ' ਵਸੂਲਦੀ ਹੈ। ਜੇ ਇਹ ਪੈਸਾ ਸਹੀ ਢੰਗ ਨਾਲ ਖਰਚਿਆ ਜਾਵੇ ਤਾਂ ਅੱਜ ਹਜ਼ਾਰਾਂ ਘਰਾਂ ਵਿੱਚ ਸੱਥਰ ਨਹੀਂ ਵਿਛਣੇ ਸਨ। ਇਹ ਇਕੱਠਾ ਕੀਤਾ ਪੈਸਾ ਪਤਾ ਨਹੀਂ ਕਿੱਥੇ ਖਰਚਿਆ ਜਾਂਦਾ ਹੈ। ਅਫਸੋਸ ਇਸ ਗੱਲ ਦਾ ਹੋ ਰਿਹਾ ਸੀ ਕਿ ਸਾਡੀਆਂ ਸਰਕਾਰਾਂ ਸਿਹਤ, ਸਿੱਖਿਆ ਤੇ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਨ ਤੋਂ ਅਸਮਰੱਥ ਰਹੀਆਂ ਹਨ। ਕਿਸੇ ਵੀ ਸਮੱਸਿਆ ਦਾ ਢੁਕਵਾਂ ਹੱਲ ਕਰਨ ਦੀ ਬਜਾਇ ਉਹ ਜਨਤਾ ਦੇ ਸਿਰ 'ਤੇ ਨਵਾਂ ਟੈਕਸ ਮੜ੍ਹ ਦਿੰਦੀਆਂ ਹਨ।

ਸਰਕਾਰ ਟਰੈਫਿਕ ਦੇ ਸੁਧਾਰ ਲਈ ਬੇਤਹਾਸ਼ਾ ਵਧਾਏ ਜੁਰਮਾਨਿਆਂ ਦੀ ਨੀਤੀ ਲਾਗੂ ਕਰਨ ਜਾ ਰਹੀ ਹੈ। ਜੇ ਉਹ ਲੋਕਾਂ ਨੂੰ ਵਾਕਿਆ ਹੀ ਸੜਕੀ ਹਾਦਸਿਆਂ ਤੋਂ ਬਚਾਉਣਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਅਵਾਰਾ ਪਸ਼ੂਆਂ ਦਾ ਯੋਗ ਹੱਲ ਕਰਨਾ ਚਾਹੀਦਾ ਹੈ। ਸਾਡੀ ਅਫਸਰਸ਼ਾਹੀ ਤੇ ਲੋਕ ਨੁਮਾਇੰਦਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਆਮ ਲੋਕ ਬੇਲੋੜੀਆਂ ਸਮੱਸਿਆਵਾਂ ਵਿੱਚ ਉਲਝ ਕੇ ਇਸ ਜਹਾਨ ਤੋਂ ਕੂਚ ਕਰੀ ਜਾ ਰਹੇ ਹਨ। ਇਹ ਅੱਗ ਉਨ੍ਹਾਂ ਦੇ ਘਰਾਂ ਤੱਕ ਵੀ ਪੁੱਜ ਸਕਦੀ ਹੈ। ਜੇ ਉਹ ਜਾਣ ਬੁੱਝ ਕੇ ਨਾਦਾਨ ਬਣ ਰਹੇ ਹਨ ਤਾਂ ਸਿਆਣੇ ਤਾਂ ਪਸ਼ੂ ਵੀ ਨਹੀਂ ਹੁੰਦੇ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ  
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ  
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ  
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ  
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com  
satsahibusa@gmail.com  
647-739-4641  
346-714-0224



# ਚੰਡੀਗੜ੍ਹ, ਪੰਜਾਬ ਹਰਿਆਣਾ ਦੋਵਾਂ ਦੀ ਰਾਜਧਾਨੀ ਹੈ, ਪਰ ਹਿੱਸਾ ਨਹੀਂ: ਯੂਟੀ ਪ੍ਰਸ਼ਾਸਨ

ਚੰਡੀਗੜ੍ਹ, 24 ਸਤੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਹੈ ਜਾਂ ਨਹੀਂ, ਇਸ ਬਾਰੇ ਕੱਲ੍ਹ ਅਦਾਲਤ ਵਿੱਚ ਲੰਬੀ ਬਹਿਸ ਚੱਲੀ। ਇਹ ਭਾਵੇਂ ਦੋਵਾਂ ਰਾਜਾਂ ਦੀ ਰਾਜਧਾਨੀ ਹੋਵੇ, ਪਰ ਦੋਵਾਂ ਵਿੱਚੋਂ ਕਿਸੇ ਦਾ ਹਿੱਸਾ ਨਹੀਂ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੀ ਭੂਗੋਲਿਕ ਸਥਿਤੀ ਬਾਰੇ ਕੱਲ੍ਹ ਅਦਾਲਤ ਵਿੱਚ ਯੂ ਟੀ ਪ੍ਰਸ਼ਾਸਨ ਤੇ ਕੇਂਦਰ ਸਰਕਾਰ ਇੱਕ ਦੂਸਰੇ ਦੇ ਸੁਰ ਵਿੱਚ ਸੁਰ ਮਿਲਾਉਂਦੇ ਰਹੇ।




ਹਾਈ ਕੋਰਟ ਵਿੱਚ ਕੱਲ੍ਹ ਸੁਣਵਾਈ ਦੌਰਾਨ ਕੇਂਦਰ ਸਰਕਾਰ ਅਤੇ ਯੂ ਟੀ ਪ੍ਰਸ਼ਾਸਨ ਨੇ ਐਫੀਡੇਵਿਟ ਪੇਸ਼ ਕਰਦੇ ਇਸ ਸ਼ਹਿਰ ਦੀ ਭੂਗੋਲਿਕ ਸਥਿਤੀ ਉਤੇ ਆਪਣਾ ਰੁਖ਼ ਸਾਫ ਕਰ ਕੇ ਸ਼ਹਿਰ ਦੇ ਹਰਿਆਣਾ ਜਾਂ ਪੰਜਾਬ ਦਾ ਹਿੱਸਾ ਨਾ ਹੋਣ ਦੀ ਗੱਲ ਕਹੀ। ਯੂ ਟੀ ਪ੍ਰਸ਼ਾਸਨ ਨੇ ਆਪਣਾ ਪੱਖ ਰਖਦੇ ਹੋਏ ਕਿਹਾ ਕਿ ਚੰਡੀਗੜ੍ਹ ਨਾ ਪੰਜਾਬ ਦਾ ਅਤੇ ਨਾ ਹਰਿਆਣਾ ਦਾ ਹਿੱਸਾ ਹੈ। ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਹੈ। ਇਸ ਦਾ ਭੂਗੋਲਿਕ ਖੇਤਰ ਇੱਕ ਯੂ ਟੀ ਦੇ ਰੂਪ ਵਿੱਚ ਸ਼ਹਿਰ ਦਾ ਆਪਣਾ ਹੈ। ਆਪਣੇ ਐਫੀਡੇਵਿਟ ਵਿੱਚ ਕੇਂਦਰ ਸਰਕਾਰ ਨੇ ਯੂ ਟੀ ਪ੍ਰਸ਼ਾਸਨ ਦੀ ਇਸ ਦਲੀਲ ਦਾ ਸਮਰਥਨ ਕੀਤਾ। ਵਰਨਣ ਯੋਗ ਹੈ ਕਿ ਚੰਡੀਗੜ੍ਹ ਦੇ ਫੂਲ ਕੁਮਾਰ ਨੇ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਸੀ ਕਿ ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਦੇ ਅਧਿਕਾਰੀਆਂ ਦਾ ਕੋਟਾ ਤੈਅ ਹੈ ਕਿ ਕਿਸ ਅਨੁਪਾਤ ਵਿੱਚ ਕਿਸ ਰਾਜ ਦੇ ਅਫਸਰਾਂ ਦੀ ਏਥੇ ਤੈਨਾਤੀ ਹੋਵੇਗੀ। ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਜੱਜਾਂ ਦਾ ਆਪਣਾ ਕੋਟਾ ਨਹੀਂ ਹੈ, ਇਥੇ ਪੰਜਾਬ ਤੇ ਹਰਿਆਣਾ ਵੱਲੋਂ ਜੱਜਾਂ ਦੀ ਨਿਯੁਕਤੀ ਹੁੰਦੀ ਹੈ ਅਤੇ ਦੋਵੇਂ ਰਾਜ ਚੰਡੀਗੜ੍ਹ ਦੇ ਅਨਸੂਚਿਤ ਜਾਤੀ ਦੇ ਅਰਜ਼ੀਕਾਰਾਂ ਨੂੰ ਆਪਣੇ ਵੱਲ ਰਿਜ਼ਰਵੇਸ਼ਨ ਨਹੀਂ ਦਿੰਦੇ। ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੋਵਾਂ ਦੀ ਰਾਜਧਾਨੀ ਹੈ। ਇਸ 'ਤੇ ਹਾਈ ਕੋਰਟ ਨੇ ਪੁੱਛਿਆ ਕਿ ਪਹਿਲਾਂ ਉਹ ਦਸਤਾਵੇਜ਼ ਦਿਖਾਓ ਜਿਸ ਵਿੱਚ ਇਹ ਤੈਅ ਕੀਤਾ ਗਿਆ ਹੋਵੇ ਕਿ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੋਵਾਂ ਰਾਜਾਂ ਦੀ ਰਾਜਧਾਨੀ ਹੈ।

## ਗੁਰੂ ਗ੍ਰੰਥ ਸਾਹਿਬ ਬੇਅਦਬੀ ਕੇਸ :

# ਗਵਾਹ ਨੂੰ ਮੁਕਰਾਉਣ ਲਈ ਪੈਸੇ ਦੇਣ ਵਾਲੇ ਗ੍ਰਿਫਤਾਰ

ਮੋਗਾ, 24 ਸਤੰਬਰ (ਪੋਸਟ ਬਿਊਰੋ)- ਪਿੰਡ ਮੱਲੇਕੇ ਵਿਖੇ ਚਾਰ ਨਵੰਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਦਾ ਸਾਹਮਣਾ ਕਰ ਰਹੇ ਦੋਸ਼ੀਆਂ ਵੱਲੋਂ ਇਸ ਕੇਸ ਦੇ ਮੁੱਖ ਗਵਾਹ ਸੇਵਕ ਸਿੰਘ ਪੁੱਤਰ ਚੰਦ ਸਿੰਘ ਵਾਸੀ ਮੱਲੇਕੇ ਨੂੰ ਗਵਾਹੀ ਤੋਂ ਮੁਕਰਨ ਲਈ ਦੋ ਲੱਖ ਰੁਪਏ ਦਾ ਚੈੱਕ ਦੇਣ ਵਾਲੇ ਥਾਣਾ ਸਮਾਲਸਰ ਪੁਲਸ ਨੇ ਸੁਖਮੰਦਰ ਸਿੰਘ, ਗੁਰਮੇਲ ਸਿੰਘ, ਮਿੱਠੂ ਸਿੰਘ, ਟਹਿਲ ਸਿੰਘ, ਅਮਨਦੀਪ ਸਿੰਘ ਵਾਸੀਆਨ ਮੱਲੇਕੇ ਨੂੰ ਗ੍ਰਿਫਤਾਰ ਕੀਤਾ ਹੈ।



ਪੁਲਸ ਸੂਤਰਾਂ ਅਨੁਸਾਰ ਸੇਵਕ ਸਿੰਘ ਨੇ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਨੂੰ ਗਵਾਹੀ ਤੋਂ ਮੁਕਰਨ ਲਈ ਦੋ ਲੱਖ ਰੁਪਏ ਦਾ ਲਾਲਚ ਦਿੱਤਾ ਗਿਆ ਅਤੇ ਦੋਸ਼ੀ ਉਸ ਦੇ ਪਰਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਰਹੇ ਹਨ। ਪੁਲਸ ਨੇ ਇਸ ਦੀ ਜਾਂਚ ਪਿੱਛੋਂ ਕੇਸ ਦਰਜ ਕਰ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਗਸੀਰ ਸਿੰਘ ਨੇ ਕਿਹਾ ਕਿ ਦੋਸ਼ੀਆਂ ਨੂੰ ਸਬ ਡਵੀਜ਼ਨ ਬਾਘਾਪੁਰਾਣਾ ਵਿਖੇ ਜੱਜ ਪੁਸ਼ਪਿੰਦਰ ਸਿੰਘ ਦੀ ਅਦਾਲਤ ਵਿੱਚ ਪੇਸ਼ ਕੀਤਾ ਸੀ, ਜਿੱਥੇ ਦੋਸ਼ੀਆਂ ਦਾ ਦੋ ਦਿਨ ਦਾ ਪੁਲਸ ਰਿਮਾਂਡ ਅਦਾਲਤ ਨੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਤੋਂ ਹਾਲੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਪਿੰਡ ਮੱਲੇਕੇ ਵਿੱਚ ਕਰੀਬ ਚਾਰ ਸਾਲ ਪਹਿਲਾਂ ਹੋਈ ਬੇਅਦਬੀ ਦੇ ਕੇਸ ਵਿੱਚ ਕੱਲ੍ਹ ਜੁਡੀਸ਼ੀਲ ਜੱਜ ਦਲਜੀਤ ਕੌਰ ਦੀ ਅਦਾਲਤ ਵਿੱਚ ਕੇਸ ਦੇ ਮੁੱਖ ਗਵਾਹ ਸੇਵਕ ਸਿੰਘ ਤੇ ਇਸ ਕੇਸ ਦੇ ਜਾਂਚ ਅਧਿਕਾਰੀ ਨੇ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਆਪਣੀ ਗਵਾਹੀ ਦਰਜ ਕਰਵਾਈ। ਇਸ ਕੇਸ ਦੀ ਅਗਲੀ ਸੁਣਵਾਈ ਜੋ 26 ਸਤੰਬਰ ਨੂੰ ਹੋ ਰਹੀ ਹੈ।

# ਸਰਵੋਦੇ ਹਸਪਤਾਲ ਦੇ ਡਾ. ਤ੍ਰਿਵੇਦੀ ਦੇ ਖਿਲਾਫ ਕੁੱਟਮਾਰ ਦਾ ਕੇਸ ਦਰਜ

ਜਲੰਧਰ, 24 ਸਤੰਬਰ (ਪੋਸਟ ਬਿਊਰੋ)- ਸਰਵੋਦਿਆ ਹਸਪਤਾਲ 'ਚ ਕੁਝ ਦਿਨ ਪਹਿਲਾਂ ਰਾਤ ਵੇਲੇ ਡਾਕਟਰ ਪੰਕਜ ਤ੍ਰਿਵੇਦੀ ਤੇ ਡਾ. ਰਾਜੇਸ਼ ਅਗਰਵਾਲ ਵਿਚਾਲੇ ਹੋਏ ਝਗੜੇ ਦੌਰਾਨ ਹੋਈ ਮਾਰਕੁੱਟ ਦੇ ਮਾਮਲੇ ਵਿੱਚ ਕੱਲ੍ਹ ਹਸਪਤਾਲ ਦੇ ਯੂਰਾਲੋਜਿਸਟ ਡਾ. ਰਾਜੇਸ਼ ਅਗਰਵਾਲ ਦੇ ਬਿਆਨਾਂ ਅਤੇ ਐਮ ਐਲ ਆਰ ਦੇ ਆਧਾਰ 'ਤੇ ਪੁਲਸ ਨੇ ਨਿਊਰੋ ਸਰਜਨ ਡਾ. ਪੰਕਜ ਤ੍ਰਿਵੇਦੀ ਖਿਲਾਫ ਮੁਕੱਦਮਾ ਦਰਜ ਕਰ ਦਿੱਤਾ ਹੈ।

ਡਾ. ਰਾਜੇਸ਼ ਅਗਰਵਾਲ ਨੇ ਕੱਲ੍ਹ ਥਾਣਾ ਬਾਰਾਂਦਰੀ 'ਚ ਪੇਸ਼ ਹੋ ਕੇ ਬਿਆਨ ਦਰਜ ਕਰਵਾਏ ਅਤੇ ਦੱਸਿਆ ਕਿ ਰਾਤ ਵੇਲੇ ਜਦੋਂ ਉਹ ਆਪਣੀ ਓ ਪੀ ਡੀ ਵਿੱਚ ਬੈਠੇ ਸਨ ਤਾਂ ਡਾ. ਪੰਕਜ ਤ੍ਰਿਵੇਦੀ ਉਨ੍ਹਾਂ ਕੋਲ ਆਏ ਅਤੇ ਬਿਨਾਂ ਕਿਸੇ ਕਾਰਨ ਵਿਵਾਦ ਕਰਨ ਲੱਗੇ। ਜਦੋਂ ਉਨ੍ਹਾਂ ਨੂੰ ਰੋਕਿਆ ਗਿਆ ਤਾਂ ਡਾ. ਪੰਕਜ ਤ੍ਰਿਵੇਦੀ ਨੇ ਉਨ੍ਹਾਂ ਦੀ ਓ ਪੀ ਡੀ ਦੇ ਕਮਰੇ ਨੂੰ ਕੁੰਡੀ ਲਾ ਲਈ ਅਤੇ ਡਾਕਟਰ ਅਗਰਵਾਲ ਨੂੰ ਕਮਰੇ ਤੋਂ ਬਾਹਰ ਵੀ ਨਹੀਂ ਨਿਕਲਣ ਦਿੱਤਾ। ਫਿਰ ਜਦੋਂ ਗੱਲ ਵਧ ਗਈ ਤਾਂ ਪੰਕਜ ਤ੍ਰਿਵੇਦੀ ਨੇ ਉਨ੍ਹਾਂ ਨੂੰ ਮਾਰਕੁੱਟ ਕੀਤੀ, ਜਿਸ ਨਾਲ ਉਨ੍ਹਾਂ ਦੇ ਕਾਫੀ ਸੱਟਾਂ ਲੱਗੀਆਂ ਸਨ। ਡਾ. ਅਗਰਵਾਲ ਮੁਤਾਬਕ ਡਾ. ਤ੍ਰਿਵੇਦੀ ਨੇ ਉਨ੍ਹਾਂ ਦਾ ਗਲਾ ਦਬਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਹਸਪਤਾਲ ਸਟਾਫ ਦੀ ਮੁਸਤੈਦੀ ਕਾਰਨ ਡਾ. ਤ੍ਰਿਵੇਦੀ ਕਾਮਯਾਬ ਨਹੀਂ ਹੋ ਸਕੇ। ਡਾ. ਰਾਜੇਸ਼ ਅਗਰਵਾਲ ਦੇ ਬਿਆਨਾਂ 'ਤੇ ਪੁਲਸ ਨੇ ਡਾ. ਪੰਕਜ ਤ੍ਰਿਵੇਦੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਚਾਰ ਜਣੇ 10 ਦਿਨਾ ਦੇ ਰਿਮਾਂਡ ਉੱਤੇ

ਅੰਮ੍ਰਿਤਸਰ, 24 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਖੁਫੀਆ ਵਿਭਾਗ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ ਵੱਲੋਂ ਗ੍ਰਿਫਤਾਰ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਚਾਰ ਬੰਦਿਆਂ ਬਲਵੰਤ ਸਿੰਘ ਉਰਫ ਬਾਬਾ ਉਰਫ ਨਿਹੰਗ, ਅਰਸ਼ਦੀਪ ਸਿੰਘ ਉਰਫ ਆਕਾਸ਼ ਰੰਧਾਵਾ, ਹਰਭਜਨ ਸਿੰਘ ਅਤੇ ਬਲਬੀਰ ਸਿੰਘ ਨੂੰ ਕੱਲ੍ਹ ਅੰਮ੍ਰਿਤਸਰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ 10 ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ। ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਰਚੀ ਸਕੀਮ ਦੇ ਮੁਖੀ ਮਾਨ ਸਿੰਘ ਨੂੰ ਵੀ ਜੇਲ੍ਹ ਤੋਂ ਲਿਆ ਕੇ ਇਨ੍ਹਾਂ ਚਾਰਾਂ ਦੇ ਨਾਲ ਪੁੱਛਗਿੱਛ ਲਈ ਰਿਮਾਂਡ 'ਤੇ ਲਿਆ ਗਿਆ ਹੈ। ਪੁਲਸ ਅਧਿਕਾਰੀਆਂ ਮੁਤਾਬਕ ਇਨ੍ਹਾਂ ਦੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਪੰਜਾਬ ਵਿੱਚ ਵੱਡੀ ਵਾਰਦਾਤ ਕਰਨ ਵਾਲੇ ਸਨ।



ਇਸ ਦੌਰਾਨ ਪਤਾ ਲੱਗਾ ਹੈ ਕਿ ਪਾਕਿਸਤਾਨ ਸਰਹੱਦ ਨੇੜਲੇ ਪਿੰਡ ਰਾਜੋਕੇ ਦੇ ਰਸਤੇ ਹਥਿਆਰਾਂ ਦੀ ਖੇਪ ਭਾਰਤ ਵਿੱਚ ਲਿਆਂਦੀ ਗਈ ਸੀ। ਇਹ ਹਥਿਆਰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਵੱਲੋਂ ਵਰਤੇ ਜਾਂਦੇ ਡਰੋਨ ਦੇ ਰਾਹੀਂ ਭੇਜੇ ਗਏ ਸਨ। ਆਈ ਐੱਸ ਆਈ ਵੱਲੋਂ ਹਥਿਆਰ ਭੇਜਣ ਲਈ ਪੰਜ ਵਾਰ ਡਰੋਨ ਦੀ ਵਰਤੋਂ ਕੀਤੀ ਗਈ ਸੀ। ਬਰਾਮਦ ਕੀਤਾ ਬਾਰੂਦ ਸਿੱਕਾ ਅਤੇ ਹਥਿਆਰਾਂ ਦਾ ਭਾਰ ਕਰੀਬ ਪੰਜਾਹ ਕਿਲੋ ਹੈ। ਪਾਕਿਸਤਾਨ ਤੋਂ ਭਾਰਤ ਨੂੰ ਭੇਜਿਆ ਗਿਆ ਡਰੋਨ ਇੱਕ ਵਾਰ 10 ਕਿਲੋ ਤੱਕ ਹਥਿਆਰ ਲਿਆ ਸਕਦਾ ਹੈ। ਸੂਤਰਾਂ ਮੁਤਾਬਕ ਪਾਕਿਸਤਾਨ ਤੋਂ ਭੇਜੇ ਹਥਿਆਰਾਂ ਨੂੰ ਰਾਜੋਕੇ ਵਿੱਚ ਉਤਾਰਿਆ ਜਾਂਦਾ ਸੀ ਤੇ ਓਥੋਂ ਇਹ ਲੋਕ ਆਪਣੇ ਕਬਜ਼ੇ ਵਿੱਚ ਲੈਂਦੇ ਸਨ।

## ਹਾਈ ਕੋਰਟ ਦਾ ਹੁਕਮ

# ਗਵਾਹੀ ਪੂਰੀ ਹੋਣ ਤੱਕ ਪੁਲਸ ਅਫਸਰਾਂ ਨੂੰ ਹਿਰਾਸਤ ਵਿੱਚ ਰੱਖੋ

ਚੰਡੀਗੜ੍ਹ, 24 ਸਤੰਬਰ (ਪੋਸਟ ਬਿਊਰੋ)- ਨਾਰਕੋਟਿਕਸ ਡਰੱਗਸ ਐਂਡ ਸਾਈਕੋਟ੍ਰਾਪਿਕ ਸਬਸਟੈਂਸ (ਐੱਨ ਡੀ ਪੀ ਐੱਸ) ਐਕਟ ਦੇ ਕੇਸਾਂ ਵਿੱਚ ਗਵਾਹੀ ਦੇਣ ਤੋਂ ਬਚਣ ਵਾਲੇ ਅਧਿਕਾਰੀਆਂ ਨੂੰ ਪੁਲਸ ਹਿਰਾਸਤ ਵਿੱਚ ਰਹਿ ਕੇ ਟਰਾਇਲ ਕੋਰਟ ਵਿੱਚ ਗਵਾਹੀ ਦੇਣੀ ਹੋਵੇਗੀ। ਪੰਜਾਬ ਹਰਿਆਣਾ ਹਾਈ ਕੋਰਟ ਦੇ ਤਨਖਾਹ ਰੋਕਣ ਦੇ ਹੁਕਮ ਦੇ ਬਾਵਜੂਦ ਅਦਾਲਤ ਨਾ ਜਾਣ ਵਾਲੇ ਅਫਸਰਾਂ ਨੂੰ ਹਿਰਾਸਤ ਵਿੱਚ ਰੱਖਣ ਦੇ ਹੁਕਮ ਦਿੱਤੇ ਗਏ ਹਨ। ਹਾਈ ਕੋਰਟ ਨੇ ਕਿਹਾ ਹੈ ਕਿ ਜਦ ਤੱਕ ਇਨ੍ਹਾਂ ਅਫਸਰਾਂ ਦੀ ਗਵਾਹੀ ਪੂਰੀ ਨਾ ਹੋ ਜਾਏ, ਉਨ੍ਹਾਂ ਨੂੰ ਹਿਰਾਸਤ ਵਿੱਚ ਰੱਖਿਆ ਜਾਏ।



ਵਰਨਣ ਯੋਗ ਹੈ ਕਿ ਹਾਈ ਕੋਰਟ ਦੇ ਇਹ ਹੁਕਮ ਓਦੋਂ ਆਏ ਹਨ, ਜਦੋਂ ਅਰਜ਼ੀ ਕਰਤਾ ਕਾਕਾ ਸਿੰਘ ਨੇ ਉਸ ਦੀ ਅਗਾਊਂ ਜ਼ਮਾਨਤ ਰੱਦ ਕਰਨ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਕਾਕਾ ਸਿੰਘ ਨੂੰ ਵੀ ਅਗਲੀ ਪੇਸ਼ੀ ਵਿੱਚ ਟਰਾਇਲ ਕੋਰਟ ਵਿੱਚ ਹਾਜ਼ਰ ਹੋਣ ਦੇ ਹੁਕਮ ਦਿੱਤੇ ਗਏ ਹਨ। ਜਸਟਿਸ ਰਾਜਬੀਰ ਸਹਿਰਾਵਤ ਨੇ ਕਿਹਾ ਕਿ 16 ਵਾਰ ਸੁਣਵਾਈ ਉੱਤੇ ਗਵਾਹੀ ਦੇਣ ਤੋਂ ਦੂਰ ਰਹਿ ਕੇ ਪੁਲਸ ਅਫਸਰਾਂ ਨੇ ਅਰਜ਼ੀ ਕਰਤਾ ਦੀ ਆਜ਼ਾਦੀ ਦੇ ਮੂਲ ਅਧਿਕਾਰ ਦਾ ਮਜ਼ਾਕ ਬਣਾ ਦਿੱਤਾ ਹੈ। ਉਨ੍ਹਾਂ ਦੇ ਖਿਲਾਫ ਜਾਰੀ ਵਾਰੰਟ ਵੀ ਨਹੀਂ ਪਹੁੰਚਾਏ ਗਏ। ਜਸਟਿਸ ਸਹਿਰਾਵਤ ਨੇ ਮੋਗਾ ਦੇ ਐੱਸ ਐੱਸ ਪੀ ਨੂੰ ਹੁਕਮ ਦਿੱਤੇ ਹਨ ਕਿ ਉਹ ਯਕੀਨੀ ਕਰਨ ਕਿ ਗਵਾਹੀ ਦੇਣ ਵਾਲੇ ਪੁਲਸ ਅਫਸਰਾਂ ਨੂੰ ਅਗਲੇ ਸੱਤ ਦਿਨ ਹਿਰਾਸਤ ਵਿੱਚ ਰੱਖਿਆ ਜਾਏ। ਉਨ੍ਹਾਂ ਨੂੰ ਮੋਗਾ ਜ਼ਿਲ੍ਹਾ ਜੇਲ੍ਹ ਜਾਂ ਸਬ ਜੇਲ੍ਹ ਵਿੱਚ ਰੱਖ ਕੇ ਗਵਾਹੀ ਪ੍ਰਕਿਰਿਆ ਪੂਰੀ ਕੀਤੀ ਜਾਏ। ਅਗਲੀ ਸੁਣਵਾਈ 'ਤੇ ਕੋਟ ਈਸੇ ਖਾਂ ਦੇ ਐੱਸ ਐੱਚ ਓ ਨੂੰ ਵੀ ਅਦਾਲਤ ਵਿੱਚ ਮੌਜੂਦ ਰਹਿਣ ਦੇ ਹੁਕਮ ਦਿੱਤੇ ਗਏ ਹਨ। ਕੋਰਟ ਨੇ ਵਾਰੰਟ ਨਾ ਪਹੁੰਚਾਉਣ ਵਾਲੇ ਪੁਲਸ ਮੁਲਾਜ਼ਮਾਂ ਦੀ ਜਾਣਕਾਰੀ ਵੀ ਮੰਗੀ ਹੈ।

# ਪਤੀ-ਪਤਨੀ ਨੇ ਲੁਟੇਰਿਆਂ ਕੋਲੋਂ ਪਿਸਤੌਲ ਖੋਹ ਲਿਆ

ਸ੍ਰੀ ਗੋਇੰਦਵਾਲ ਸਾਹਿਬ, 24 ਸਤੰਬਰ (ਪੋਸਟ ਬਿਊਰੋ)- ਕਸਬਾ ਗੋਇੰਦਵਾਲ ਸਾਹਿਬ ਅਤੇ ਫਤਿਆਬਾਦ ਦੇ ਆਸ ਪਾਸ ਪਿਛਲੇ ਲੰਮੇ ਸਮੇਂ ਤੋਂ ਲੁੱਟ ਖੋਹ ਦੀਆਂ ਘਟਨਾਵਾਂ ਕਰਨ ਵਾਲਾ ਮੋਟਰ ਸਾਈਕਲ ਸਵਾਰ ਗਰੋਹ ਸਰਗਰਮ ਹੈ। ਇਸ ਲੁਟੇਰਾ ਗਰੋਹ ਨੇ ਕੱਲ੍ਹ ਦੋ ਪਰਵਾਰਾਂ ਨੂੰ ਲੁੱਟ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਗੁਰਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਉਹ ਖਡੂਰ ਸਾਹਿਬ ਤੋਂ ਆਪਣੀ ਪਤਨੀ ਨਾਲ ਗੋਇੰਦਵਾਲ ਸਾਹਿਬ ਜਾ ਰਿਹਾ ਸੀ ਤਾਂ ਗੁਰਦੁਆਰਾ ਦਮਦਮਾ ਸਾਹਿਬ ਲਾਗੇ ਮੋਟਰ ਸਾਈਕਲ ਸਵਾਰ ਦੋ ਨੌਜਵਾਨਾਂ ਨੇ ਪਿਸਤੌਲ ਦੀ ਨੋਕ 'ਤੇ ਉਸ ਦੀ ਪਤਨੀ ਦਾ ਪਰਸ ਖੋਹ ਲਿਆ ਅਤੇ ਫਰਾਰ ਹੋ ਗਏ। ਦੂਸਰੀ ਘਟਨਾ ਵਿੱਚ ਮੋਟਰ ਸਾਈਕਲ ਸਵਾਰ ਲੁਟੇਰਿਆਂ ਦਾ ਮੁਕਾਬਲਾ ਕਰਦਿਆਂ ਦਲਜੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਖਵਾਸਪੁਰ ਨੇ ਉਨ੍ਹਾਂ ਵੱਲੋਂ ਵਰਤਿਆ ਜਾਂਦਾ ਨਕਲੀ ਪਿਸਤੌਲ ਖੋਹ ਲਿਆ। ਇਸ ਪਿੱਛੋਂ ਮੋਟਰ ਸਾਈਕਲ ਸਵਾਰ ਲੁਟੇਰੇ ਫਰਾਰ ਹੋ ਗਏ। ਇਸ ਬਾਰੇ ਚੌਕੀ ਫਤਿਆਬਾਦ ਦੇ ਇੰਚਾਰਜ ਇਕਬਾਲ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਇਨ੍ਹਾਂ ਮੋਟਰ ਸਾਈਕਲ ਸਵਾਰ ਲੁਟੇਰਿਆਂ ਨੂੰ ਕਾਬੂ ਕਰਨ ਲਈ ਵੱਖ-ਵੱਖ ਸਥਾਨਾਂ 'ਤੇ ਨਾਕਾਬੰਦੀ ਕੀਤੀ ਗਈ ਹੈ ਅਤੇ ਗਰੋਹ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

# ਆਦਮਪੁਰ ਤੋਂ ਮੁੰਬਈ ਤੇ ਜੈਪੁਰ ਫਲਾਈਟ ਨੂੰ ਮਨਜ਼ੂਰੀ



ਜਲੰਧਰ, 24 ਸਤੰਬਰ (ਪੋਸਟ ਬਿਊਰੋ)- ਆਦਮਪੁਰ ਏਅਰਪੋਰਟ ਤੋਂ ਦਿੱਲੀ ਦੇ ਇਲਾਵਾ ਮੁੰਬਈ ਤੇ ਜੈਪੁਰ ਦੀ ਉਡਾਣ ਛੇਤੀ ਸ਼ੁਰੂ ਹੋਵੇਗੀ। ਸਪਾਈਸਜੈਟ ਨੂੰ ਕੇਂਦਰੀ ਸਿਵਲ ਏਵੀਏਸ਼ਨ ਮਨਿਸਟਰੀ ਨੇ ਮਨਜ਼ੂਰੀ ਦੇ ਦਿੱਤੀ ਹੈ।

ਦੋਆਬਾ ਦੇ ਲੋਕ ਅੱਗੇ ਤੋਂ ਸਿੱਧੀ ਉਡਾਣ ਰਾਹੀਂ ਦਿੱਲੀ, ਜੈਪੁਰ ਤੇ ਮੁੰਬਈ ਜਾ ਸਕਣਗੇ। ਸਪਾਈਸਜੈਟ ਨੂੰ ਉਡਾਣ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਕੁਝ ਟੈਕਨੀਕਲ ਵਰਕ ਦੇ ਬਾਅਦ ਸਪਾਈਸਜੈਟ ਫਲਾਈਟ ਸ਼ੁਰੂ ਕਰੇਗਾ। ਇਸ ਨਾਲ ਸ਼ਹਿਰ ਦੀ ਇੰਡਸਟਰੀ ਨੂੰ ਵੀ ਬੂਮ ਮਿਲੇਗਾ ਅਤੇ ਦੋਆਬਾ ਦੀ ਡਿਵੈਲਪਮੈਂਟ ਵਧੇਗੀ। ਏਅਰਪੋਰਟ ਅਥਾਰਟੀ ਵੱਲੋਂ ਕਈ ਮਹੀਨੇ ਤੋਂ ਨਵੇਂ ਸਿਵਲ ਏਅਰ ਟਰਮੀਨਲ ਨੂੰ ਵੱਡਾ ਕਰਨ ਅਤੇ ਹਵਾਈ ਜਹਾਜ਼ ਦਾ ਨਵਾਂ ਪਾਰਕਿੰਗ ਪਲੇਸ ਬਣਾਉਣ ਦਾ ਕੰਮ ਚੱਲ ਰਿਹਾ ਹੈ। ਆਦਮਪੁਰ ਏਅਰਪੋਰਟ ਲਈ ਕਰੀਬ 115 ਕਰੋੜ ਰੁਪਏ ਮੰਤਰਾਲੇ ਵੱਲੋਂ ਖਰਚ ਕੀਤੇ ਜਾ ਰਹੇ ਹਨ। ਯਾਤਰੀਆਂ ਨੂੰ ਹੋਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਇਸ ਬਾਰੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਪਿਛਲੇ ਦਿਨੀਂ ਆਦਮਪੁਰ ਏਅਰਪੋਰਟ ਅਥਾਰਟੀ ਅਤੇ ਪੀ ਡਬਲਯੂ ਨਾਲ ਮੀਟਿੰਗ ਕਰ ਕੇ ਏਅਰਪੋਰਟ ਤੱਕ 3.50 ਕਿਲੋਮੀਟਰ ਸੜਕ ਨੂੰ ਫੋਰਲੇਨ ਕਰਨ ਦਾ ਪ੍ਰਸਤਾਵ ਦਿੱਤਾ ਸੀ। ਇਸ ਬਾਰੇ ਦੋਵੇਂ ਡਿਪਾਰਟਮੈਂਟ 15 ਦਿਨ ਵਿੱਚ ਰਿਪੋਰਟ ਦੇਣਗੇ। ਡੀ ਸੀ ਨੇ ਕਿਹਾ ਕਿ ਆਦਮਪੁਰ ਹਵਾਈ ਅੱਡੇ ਤੱਕ ਆਉਣ ਜਾਣ ਵਾਲਿਆਂ ਲਈ ਆਸਾਨ ਅਤੇ ਆਰਾਮ ਦਾਇਕ ਰਸਤੇ ਲਈ ਸਿੰਗਲ ਸੜਕ ਨੂੰ ਫੋਰ ਲੇਨ ਕੀਤਾ ਜਾਏਗਾ। ਇਸ ਨਾਲ ਸਮਾਂ, ਪੈਸੇ ਅਤੇ ਊਰਜਾ ਦੀ ਬਚਤ ਹੋਵੇਗੀ। ਅਜੇ ਏਅਰਪੋਰਟ ਜਾਣ ਵਾਲਿਆਂ ਨੂੰ ਅੱਠ ਕਿਲੋਮੀਟਰ ਦੂਰੀ ਤੈਅ ਕਰਨੀ ਪੈਂਦੀ ਹੈ। ਆਦਮਪੁਰ ਤੋਂ ਮੇਹਟੀਆਣਾ ਵੱਲੋਂ 1.5 ਕਿਲੋਮੀਟਰ ਦੀ ਦੂਰੀ 'ਤੇ ਫੋਰ ਲੇਨ ਅਤੇ ਨਹਿਰ ਦੇ ਕਿਨਾਰੇ ਦੋ ਕਿਲੋਮੀਟਰ ਦੇ ਨਵੇਂ ਫੋਰ ਲੇਨ ਦੀ ਉਸਾਰੀ ਦੇ ਬਾਅਦ ਆਦਮਪੁਰ-ਹੁਸ਼ਿਆਰਪੁਰ ਰੋਡ 'ਤੇ ਰੇਲਵੇ ਕ੍ਰਾਸਿੰਗ ਤੋਂ ਪਹਿਲਾਂ ਲੇਨ ਸੜਕ ਤੋਂ ਏਅਰਪੋਰਟ ਦਾ ਸਫਰ ਹੋਰ ਆਰਾਮ ਦਾਇਕ ਹੋਵੇਗਾ।

# ਕੋਆਪਰੇਟਿਵ ਸੋਸਾਈਟੀ ਦੇ ਕੈਸ਼ੀਅਰ ਤੋਂ 3.5 ਲੱਖ ਰੁਪਏ ਲੁੱਟੇ

ਕਰਤਾਰਪੁਰ, 24 ਸਤੰਬਰ (ਪੋਸਟ ਬਿਊਰੋ)- ਕੋਆਪਰੇਟਿਵ ਸੋਸਾਈਟੀ ਦਿਆਲਪੁਰ ਦੇ ਕੈਸ਼ੀਅਰ ਤੋਂ ਦਿਨ ਦਿਹਾੜੇ ਇੱਕ ਬਾਈਕ ਸਵਾਰ ਲੁਟੇਰਾ ਸਾਢੇ ਤਿੰਨ ਲੱਖ ਰੁਪਏ ਖੋਹ ਕੇ ਲੈ ਗਿਆ।



ਸੋਸਾਈਟੀ ਦੇ ਕੈਸ਼ੀਅਰ ਕਮ ਸੇਲਜ਼ਮੈਨ ਪ੍ਰਦੀਪ ਸੇਠ ਨੇ ਦੱਸਿਆ ਕਿ ਉਹ ਕੱਲ੍ਹ ਦੁਪਹਿਰ ਦਿਆਲਪੁਰ ਤੋਂ ਕਰਤਾਰਪੁਰ ਵਿੱਚ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਤੋਂ ਦੋ ਚੈਕ ਕੈਸ਼ ਕਰਵਾ ਕੇ ਚਾਰ ਲੱਖ ਰੁਪਏ ਕਢਾਉਣ ਗਿਆ ਸੀ। ਉਸ ਨੇ ਚਾਰ ਲੱਖ ਕੈਸ਼ ਕਢਾਉਣ ਦੇ ਬਾਅਦ ਪੰਜਾਹ ਹਜ਼ਾਰ ਇੱਕ ਖਾਤੇ ਵਿੱਚ ਜਮ੍ਹਾ ਕਰਾਏ ਅਤੇ ਬਾਕੀ ਸਾਢੇ ਤਿੰਨ ਲੱਖ ਰੁਪਏ ਇੱਕ ਕੱਪੜੇ ਵਿੱਚ ਬੰਨ੍ਹ ਕੇ ਦਿਆਲਪੁਰ ਜਾ ਰਿਹਾ ਸੀ। ਇਸੇ ਦੌਰਾਨ ਵਿਸ਼ਵਕਰਮਾ ਮਾਰਕੀਟ ਦੇ ਕੁਝ ਦੂਰ ਬਗੀਚੀ ਦੇ ਨੇੜੇ ਪਿੱਛੋਂ ਆਏ ਮੋਟਰ ਸਾਈਕਲ ਸਵਾਰ ਨੇ ਉਸ ਦਾ ਰੁਪਿਆਂ ਨਾਲ ਭਰਿਆ ਬੈਗ ਖੋਹਿਆ ਅਤੇ ਫਰਾਰ ਹੋ ਗਿਆ। ਉਸ ਨੇ ਰੌਲਾ ਪਾਇਆ ਅਤੇ ਪਿੱਛਾ ਵੀ ਕੀਤਾ, ਪਰ ਉਹ ਹੱਥ ਨਹੀਂ ਆਇਆ। ਸੂਚਨਾ ਮਿਲਦੇ ਸਾਰ ਪੁਲਸ ਮੌਕੇ 'ਤੇ ਪਹੁੰਚੀ। ਉਨ੍ਹਾਂ ਨੇ ਸੀ ਸੀ ਟੀ ਵੀ ਕੈਮਰੇ ਵੀ ਦੇਖੇ, ਪਰ ਕੋਈ ਸੁਰਾਗ ਨਹੀਂ ਲੱਗਾ ਹੈ। ਪ੍ਰਦੀਪ ਸੇਠ ਨੇ ਦੱਸਿਆ ਕਿ ਉਹ ਦੋ ਦਹਾਕਿਆਂ ਤੋਂ ਕਰਤਾਰਪੁਰ ਬੈਂਕ ਵਿੱਚ ਪੈਸਾ ਜਮ੍ਹਾ ਕਰਾਉਣ ਅਤੇ ਲਿਆਉਣ ਦਾ ਕੰਮ ਕਰਦੇ ਹਨ, ਪਰ ਕਦੇ ਵੀ ਅਜਿਹੀ ਘਟਨਾ ਨਹੀਂ ਵਾਪਰੀ। ਕਰਤਾਰਪੁਰ ਦੇ ਡੀ ਐੱਸ ਪੀ ਸੁਰਿੰਦਰ ਪਾਲ ਨੇ ਕਿਹਾ ਕਿ ਰਸਤੇ ਵਿੱਚ ਪੈਂਦੇ ਸਾਰੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖੀ ਜਾ ਰਹੀ ਹੈ। ਇਸ ਦੇ ਇਲਾਵਾ ਜੇਲ੍ਹ ਤੋਂ ਵਾਪਸ ਆਏ ਦੋਸ਼ੀਆਂ ਦੀ ਡਿਟੇਲ ਕੱਢੀ ਜਾਏਗੀ। ਬਹੁਤ ਜਲਦੀ ਲੁਟੇਰਾ ਪੁਲਸ ਦੀ ਗ੍ਰਿਫਤ ਵਿੱਚ ਹੋਵੇਗਾ।

# ਐਲੀ ਮਾਂਗਟ ਨੇ ਡੀ ਜੀ ਪੀ ਨੂੰ ਪੁਲਸ ਦੇ ਖਿਲਾਫ ਸ਼ਿਕਾਇਤ ਦਿੱਤੀ



ਚੰਡੀਗੜ੍ਹ, 24 ਸਤੰਬਰ (ਪੋਸਟ ਬਿਊਰੋ)- ਪੰਜਾਬੀ ਗਾਇਕ ਐਲੀ ਮਾਂਗਟ ਨੇ ਥਾਣਾ ਸੋਹਣਾ ਦੇ ਡੀ ਐਸ ਪੀ ਅਤੇ ਐਸ ਐਚ ਓ ਦੇ ਦੋ ਗੰਨਮੈਨਾਂ ਦੇ ਖਿਲਾਫ ਕੱਲ੍ਹ ਪੰਜਾਬ ਪੁਲਸ ਦੇ ਡੀ ਜੀ ਪੀ ਨੂੰ ਸ਼ਿਕਾਇਤ ਦੇ ਕੇ ਗੰਭੀਰ ਦੋਸ਼ ਲਾਏ। ਆਪਣੀ ਸ਼ਿਕਾਇਤ 'ਚ ਗਾਇਕ ਨੇ ਆਪਣੇ ਖਿਲਾਫ ਕੇਸ ਨੂੰ ਸੋਹਾਣਾ ਥਾਣੇ ਤੋਂ ਕਿਸੇ ਹੋਰ ਥਾਂ ਬਦਲਣ ਦੀ ਮੰਗ ਕਰਦੇ ਹੋਏ ਥਾਣੇ ਵਿੱਚ ਮਾਰਕੁੱਟ ਕਰਨ ਦੇ ਸਾਰੇ ਦੋਸ਼ੀ ਪੁਲਸ ਮੁਲਾਜ਼ਮਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਐਲੀ ਮਾਂਗਟ ਨੇ ਕੱਲ੍ਹ ਸੋਹਾਣਾ ਥਾਣੇ ਦੇ ਮੁਲਾਜ਼ਮਾਂ ਉਤੇ ਦੋਸ਼ ਲਾਇਆ ਸੀ ਕਿ ਉਸ ਨੂੰ ਐਸ ਐਚ ਓ ਦੇ ਕਮਰੇ ਵਿੱਚ ਬੰਦ ਕਰਕੇ ਬੁਰੀ ਤਰ੍ਹਾਂ ਕੁੱਟਿਆ ਗਿਆ ਤੇ ਉਸ ਦੇ ਬਾਅਦ ਨਿਰਵਸਤਰ ਕਰਕੇ ਮਾਰ ਕੁਟਾਈ ਕੀਤੀ ਗਈ ਤੇ ਇਸ ਘਟਨਾ ਦੀ ਵੀਡੀਓ ਬਣਾਈ ਗਈ। ਗਾਇਕ ਦਾ ਦੋਸ਼ ਸੀ ਕਿ ਸੋਹਾਣਾ ਥਾਣੇ ਵਿਚ ਸੀ ਸੀ ਟੀ ਵੀ ਕੈਮਰੇ ਲੱਗੇ ਹਨ, ਪਰ ਉਸ ਨੂੰ ਐਸ ਐਚ ਓ ਦੇ ਕਮਰੇ ਵਿੱਚ ਬੰਦ ਕਰਕੇ ਕੁੱਟਿਆ ਗਿਆ, ਜਿੱਥੇ ਸੀ ਸੀ ਟੀ ਵੀ ਨਹੀਂ ਲੱਗੇ ਹੋਏ। ਇਸ ਬਾਰੇ ਉਸ ਨੇ ਫੋਰਟਿਸ ਹਸਪਤਾਲ ਦੀ ਮੈਡੀਕਲ ਰਿਪੋਰਟ ਵੀ ਪੁਲਸ ਮੁੱਖੀ ਨੂੰ ਸੌਂਪੀ ਹੈ।

# ਡੋਨਾ ਮਰਡਰ ਕੇਸ ਦਾ ਭਗੌੜਾ ਅਰਜੁਨ ਸਹਿਗਲ ਪਿਸਤੌਲ ਸਮੇਤ ਗ੍ਰਿਫਤਾਰ

ਜਲੰਧਰ, 24 ਸਤੰਬਰ (ਪੋਸਟ ਬਿਊਰੋ)- ਜੁਲਾਈ 2018 ਵਿੱਚ ਰਾਮਾ ਮੰਡੀ ਵਿੱਚ ਹੋਏ ਡੋਨਾ ਮਰਡਰ ਕੇਸ 'ਚ ਭਗੌੜੇ ਅਰਜੁਨ ਸਹਿਗਲ ਨੂੰ ਜਲੰਧਰ ਦਿਹਾਤੀ ਪੁਲਸ ਦੇ ਸੀ ਆਈ ਏ ਸਟਾਫ ਨੇ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਅਰਜੁਨ ਸਹਿਗਲ ਨੂੰ ਆਦਮਪੁਰ ਦੇ ਮਦਾਰਾਂ ਬਸ ਸਟੈਂਡ ਤੋਂ ਫੜਿਆ ਗਿਆ ਤਾਂ ਉਸ ਤੋਂ ਨੌਂ ਐੱਮ ਐੱਮ ਦਾ ਪਿਸਤੌਲ ਅਤੇ ਪੰਜ ਗੋਲੀਆਂ ਵੀ ਮਿਲੀਆਂ। ਪਤਾ ਲੱਗਾ ਹੈ ਕਿ ਅੱਜ ਕੱਲ੍ਹ ਅਰਜੁਨ ਸਹਿਗਲ ਸੁੱਖੀ ਧੀਰੋਵਾਲੀਆ, ਸੂਰਜ ਬਲੌਚੀਆ ਅਤੇ ਸ਼ੇਰੂ ਆਦਮਪੁਰੀਆ ਗੈਂਗ ਨੂੰ ਵੀ ਚਲਾ ਰਿਹਾ ਸੀ।



ਐਸ ਐਸ ਪੀ ਨਵਜੋਤ ਮਾਹਲ ਦੇ ਮੁਤਾਬਕ ਸਿਧਾਰਥ ਸਹਿਗਲ ਉਰਫ ਅਰਜੁਨ ਸਹਿਗਲ ਵਾਸੀ ਸੈਂਟਲ ਟਾਊਨ ਬਾਰੇ ਸੀ ਆਈ ਏ ਸਟਾਫ ਦੇ ਇੰਚਾਰਜ ਸ਼ਿਵ ਕੁਮਾਰ ਨੂੰ ਇਨਪੁਟ ਮਿਲੇ ਤਾਂ ਸ਼ਿਵ ਕੁਮਾਰ ਨੇ ਆਪਣੀ ਟੀਮ ਨਾਲ ਮਦਾਰਾਂ ਬਸ ਸਟੈਂਡ 'ਚ ਨਾਕਾਬੰਦੀ ਕਰ ਲਈ। ਜਦੋਂ ਅਰਜੁਨ ਸਹਿਗਲ ਨੇ ਪੁਲਸ ਨੂੰ ਦੇਖਿਆ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਉਸ ਦੀ ਡੱਬ ਵਿੱਚ ਨੌਂ ਐੱਮ ਐੱਮ ਦਾ ਪਿਸਤੌਲ ਵੀ ਸੀ, ਜਿਸ ਵਿੱਚ ਪੰਜ ਗੋਲੀਆਂ ਸਨ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਅਰਜੁਨ ਨੇ ਇਹ ਪਿਸਤੌਲ ਯੂ ਪੀ ਤੋਂ ਮੰਗਵਾਇਆ ਅਤੇ 32 ਹਜ਼ਾਰ ਰੁਪਏ ਦਾ ਖਰੀਦਿਆ ਸੀ। ਦੋਸ਼ ਦੇ ਖਿਲਾਫ ਜਲੰਧਰ ਰੂਰਲ ਅਤੇ ਕਮਿਸ਼ਨਰੇਟ ਥਾਣਾ ਵਿੱਚ ਕੁੱਲ ਸੱਤ ਕੇਸ ਦਰਜ ਹਨ, ਜਿਸ ਵਿੱਚ ਇਰਾਦਾ ਕਤਲ, ਕੁੱਟ ਮਾਰ ਤੇ ਹੱਤਿਆ ਵਰਗੇ ਕੇਸ ਸ਼ਾਮਲ ਹਨ। ਅਰਜੁਨ ਸਹਿਗਲ ਕਈ ਕੇਸਾਂ ਦਾ ਭਗੌੜਾ ਹੈ ਅਤੇ ਜਲੰਧਰ ਪੁਲਸ ਉਸ ਦੀ ਕਾਫੀ ਸਮੇਂ ਤੋਂ ਤਲਾਸ਼ ਵੀ ਕਰ ਰਹੀ ਸੀ। ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ 27 ਲੱਖ 2018 ਨੂੰ ਰਾਮਾ ਮੰਡੀ ਵਿੱਚ ਡੋਨਾ ਦਾ ਮਰਡਰ ਕੀਤਾ ਸੀ। ਐੱਸ ਐੱਸ ਪੀ ਮਾਹਲ ਨੇ ਕਿਹਾ ਕਿ ਪੜ੍ਹਾਈ ਤੋਂ ਬਾਅਦ ਅਰਜੁਨ ਸਹਿਗਲ ਗਲਤ ਲੋਕਾਂ ਨਾਲ ਮਿਲ ਗਿਆ ਸੀ। ਉਸ ਦੇ ਫੜੇ ਜਾਣ ਨਾਲ ਕਈ ਲੁੱਟਾਂ ਅਤੇ ਹਤਿਆਵਾਂ ਦੇ ਕੇਸ ਟਰੇਸ ਹੋਣ ਦੀ ਉਮੀਦ ਵਧ ਗਈ ਹੈ। ਜਲੰਧਰ ਕਮਿਸ਼ਨਰੇਟ ਪੁਲਸ ਦਾ ਸੀ ਆਈ ਏ ਸਟਾਫ ਵੀ ਲਗਾਤਾਰ ਉਸ ਦੇ ਪਰਵਾਰ ਉੱਤੇ ਦਬਾਅ ਬਣਾ ਰਿਹਾ ਸੀ। ਜਲੰਧਰ ਕਮਿਸ਼ਨਰੇਟ ਪੁਲਸ ਨੇ ਕੁਝ ਸਮਾਂ ਪਹਿਲਾਂ ਰਾਮਾ ਮੰਡੀ ਸਾਈਡ ਰਹਿਣ ਵਾਲੇ ਹੀਰਾ ਨੂੰ ਅਰੈਸਟ ਕੀਤਾ ਸੀ।

# ਕਤਲ ਕਰਕੇ ਹੱਥ ਪੈਰ ਵੱਢਣ ਮਗਰੋਂ ਲਾਸ਼ ਨਾਲੇ ਵਿੱਚ ਸੁੱਟੀ

ਬਟਾਲਾ, 24 ਸਤੰਬਰ (ਪੋਸਟ ਬਿਊਰੋ)- ਬੀਤੇ ਦਿਨ ਹੰਸਲੀ ਪੁਲ ਤੋਂ ਮਿਲੀ ਸਿਰ ਕੱਟੀ ਲਾਸ਼ ਦੀ ਪਛਾਣ ਕਰਕੇ ਪੁਲਸ ਨੇ ਕੇਵਲ 24 ਘੰਟਿਆਂ ਵਿੱਚ ਹਤਿਆਰੇ ਨੂੰ ਫੜਨ ਦਾ ਦਾਅਵਾ ਕੀਤਾ ਹੈ।

ਇਸ ਬਾਰੇ ਸੂਬਾ ਸਿੰਘ ਐਸ ਪੀ ਇਨਵੈਸਟੀਗੇਸ਼ਨ ਅਤੇ ਹੋਰ ਅਧਿਕਾਰੀਆਂ ਨੇ ਦੱਸਿਆ ਕਿ ਗਾਂਧੀ ਕੈਂਪ ਵਿੱਚੋਂ ਰਜਿੰਦਰ ਕੁਮਾਰ ਪੁੱਤਰ ਸ਼ਿੰਦਰਪਾਲ 19 ਸਤੰਬਰ ਨੂੰ ਘਰੋਂ ਕੰਮ 'ਤੇ ਗਿਆ ਸੀ, ਪਰ ਘਰ ਨਹੀਂ ਸੀ ਪਰਤਿਆ, ਜਿਸ ਦੀ ਰਿਪੋਰਟ ਸਿੰਬਲ ਚੌਕੀ ਉਸ ਦੀ ਮਾਤਾ ਬਿਸ਼ਨੋ ਨੇ ਕਰਵਾਈ ਸੀ। ਜਦ ਉਨ੍ਹਾਂ ਨੂੰ ਮ੍ਰਿਤਕ ਦੀ ਲਾਸ਼ ਦਿਖਾਈ ਗਈ ਤਾਂ ਉਸ ਦੀ ਮਾਤਾ ਤੇ ਭੈਣ ਨੇ ਉਸ ਦੀ ਪਛਾਣ ਸਰੀਰ ਦੀ ਬਣਾਵਟ ਤੋਂ ਕੀਤੀ ਤੇ ਪੁਲਸ ਨੂੰ ਬਿਆਨ ਦਿੱਤਾ ਕਿ ਅਸ਼ੋਕ ਕੁਮਾਰ ਨਾਂ ਦਾ ਵਿਅਕਤੀ ਕਾਫੀ ਦਿਨਾਂ ਤੋਂ ਮ੍ਰਿਤਕ ਦੀ ਭੈਣ 'ਤੇ ਮਾੜੀ ਨਜ਼ਰ ਰੱਖਦਾ ਸੀ, ਜਿਸ ਨੂੰ ਏਦਾਂ ਕਰਨ ਤੋਂ ਕਈ ਵਾਰ ਵਰਜਿਆ ਸੀ, ਪਰ ਅਸ਼ੋਕ ਕੁਮਾਰ ਉਲਟਾ ਬਿਸ਼ਨੋ ਦੇਵੀ ਨੂੰ ਉਸ ਦੇ ਬੇਟੇ ਨੂੰ ਮਾਰ ਦੇਣ ਦੀ ਧਮਕੀ ਦਿੰਦਾ ਸੀ। ਫਿਰ 19 ਸਤੰਬਰ ਨੂੰ ਜਦ ਰਜਿੰਦਰ ਕੁਮਾਰ ਕੰਮ ਕਰਕੇ ਘਰ ਨਾ ਪਰਤਿਆ ਤਾਂ ਉਸ ਨੇ 20 ਤਰੀਕ ਨੂੰ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਈ, ਪਰ 22 ਤਰੀਕ ਨੂੰ ਰਜਿੰਦਰ ਕੁਮਾਰ ਦੀ ਸਿਰ ਕੱਟੀ ਲਾਸ਼ ਪੁਲਸ ਨੇ ਹੰਸਲੀ ਨਾਲੇ ਤੋਂ ਮਿਲੀ ਅਤੇ ਪੁਲਸ ਨੇ ਕੇਸ ਦਰਜ ਕਰ ਦਿੱਤਾ। ਇਸ ਪਿੱਛੋਂ ਮੁਲਜ਼ਮ ਨੇ ਆਪਣਾ ਜੁਰਮ ਕਬੂਲ ਕਰ ਕੇ ਲਾਸ਼ ਟਿਕਾਣੇ ਲਾਉਣ ਲਈ ਵਰਤਿਆ ਗਿਆ ਸਾਈਕਲ, ਬੋਰੀ, ਦਾਤਰ ਤੇ ਟਿਊਬ ਦੇ ਦਿੱਤੇ ਹਨ, ਪਰ ਅਜੇ ਤੱਕ ਮ੍ਰਿਤਕ ਦਾ ਸਿਰ, ਬਾਹਵਾਂ ਤੇ ਦੋਵੇਂ ਪੈਰ ਬਰਾਮਦ ਨਹੀਂ ਹੋਏ। ਪੁਲਸ ਨੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੱਥਰ ਮਾਰ ਕੇ ਕੂੜਾ ਚੁੱਕਣ ਵਾਲੇ ਦੀ ਹੱਤਿਆ

ਜਲੰਧਰ, 24 ਸਤੰਬਰ (ਪੋਸਟ ਬਿਊਰੋ)- ਫੋਕਲ ਪੁਆਇੰਟ 'ਚ ਇਕ ਫੈਕਟਰੀ ਦੇ ਪਿੱਛੇ ਖਾਲੀ ਪਲਾਟ 'ਚ ਝੁੱਗੀ ਪਾ ਕੇ ਗੁਜ਼ਾਰਾ ਕਰਨ ਵਾਲੇ ਵਿਅਕਤੀ ਦੇ ਸਿਰ 'ਤੇ ਪੱਥਰ ਨਾਲ ਕਈ ਵਾਰ ਕਰਕੇ ਹੱਤਿਆ ਕਰ ਦਿੱਤੀ ਗਈ। ਕੱਲ੍ਹ ਸਵੇਰੇ ਸਾਢੇ ਛੇ ਵਜੇ ਦੇ ਲਗਭਗ ਲਾਸ਼ ਉਸ ਦੀ ਝੁੱਗੀ ਦੇ ਬਾਹਰ ਪੱਥਰਾਂ ਦੇ ਥੱਲੇ ਦੱਬੀ ਮਿਲਣ ਕਾਰਨ ਇਲਾਕੇ ਵਿੱਚ ਸਨਸਨੀ ਫੈਲ ਗਈ। ਲਾਸ਼ ਦਾ ਸਿਰ ਦੋ ਵੱਡੇ ਪੱਥਰਾਂ ਥੱਲੇ ਦੱਬਿਆ ਹੋਇਆ ਸੀ। ਲਾਸ਼ ਦੇਖ ਕੇ ਪਤਾ ਲੱਗਦਾ ਸੀ ਕਿ ਕਿਸੇ ਨੇ ਉਸ ਦੇ ਸਿਰ ਅਤੇ ਚਿਹਰੇ 'ਤੇ ਪੱਥਰ ਨਾਲ ਕਈ ਵਾਰ ਕਰਕੇ ਹੱਤਿਆ ਕੀਤੀ ਗਈ ਹੋਵੇ। ਪੁਲਸ ਨੇ ਅਣਪਛਾਤੇ ਕਾਤਲ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕ ਦੀ ਪਛਾਣ ਮੂਲ ਰੂਪ ਵਿੱਚ ਯੂ ਪੀ ਦੇ ਮੇਰਠ ਵਾਸੀ ਰਾਜਿੰਦਰ ਕੁਮਾਰ ਉਮਰ ਲਗਭਗ 40 ਤੋਂ 45 ਦੇ ਰੂਪ ਵਿੱਚ ਹੋਈ ਹੈ। ਉਹ ਪਿਛਲੇ ਇਕ ਸਾਲ ਤੋਂ ਉਕਤ ਪਲਾਟ 'ਚ ਝੁੱਗੀ ਪਾ ਕੇ ਰਹਿ ਰਿਹਾ ਸੀ ਤੇ ਇਲਾਕੇ ਵਿੱਚ ਕੂੜਾ ਚੁੱਕਣ ਦਾ ਕੰਮ ਕਰਦਾ ਸੀ ਅਤੇ ਕੂੜੇ ਤੋਂ ਪਲਾਸਟਿਕ ਤੇ ਕਬਾੜੀਆਂ ਦੇ ਵੇਚਣ ਲਾਇਕ ਚੀਜ਼ਾਂ ਚੁੱਕ ਕੇ ਉਨ੍ਹਾਂ ਨੂੰ ਵੇਚ ਕੇ ਗੁਜ਼ਾਰਾ ਕਰਦਾ ਸੀ। ਮੌਕੇ 'ਤੇ ਲਾਸ਼ ਨੇੜਿਓਂ ਸ਼ਰਾਬ ਦੀਆਂ ਦੋ ਖਾਲੀ ਬੋਤਲਾਂ, ਦੋ ਗਲਾਸ ਅਤੇ ਝੁੱਗੀ ਵਿੱਚ ਇਕ ਪਤੀਲੀ ਵਿੱਚ ਮੀਟ ਪਿਆ ਮਿਲਿਆ। ਅੰਦਾਜ਼ਾ ਹੈ ਕਿ ਰਾਜਿੰਦਰ ਨੇ ਕਿਸੇ ਨਾਲ ਰਾਤ ਨੂੰ ਸ਼ਰਾਬ ਪੀਤੀ ਹੋਵੇਗੀ। ਨਸ਼ੇ ਵਿੱਚ ਦੋਵਾਂ ਦਾ ਕਿਸੇ ਗੱਲ ਬਾਰੇ ਝਗੜਾ ਹੋਇਆ ਹੋਵੇਗਾ ਜੋ ਇੰਨਾ ਵਧ ਗਿਆ ਕਿ ਕਿਸੇ ਨੇ ਉਸ ਦੀ ਬੇਰਹਿਮੀ ਨਲ ਹੱਤਿਆ ਕਰ ਦਿੱਤੀ।



## ਪੰਜਾਬ ਮਹਾਰਾਸ਼ਟਰ ਬੈਂਕ ਦੇ ਗ੍ਰਾਹਕ 1000 ਰੁਪਏ ਤੋਂ ਵੱਧ ਨਹੀਂ ਕਢਵਾ ਸਕਣਗੇ

ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਜਿਸ ਕਿਸੇ ਦਾ ਪੰਜਾਬ ਐਂਡ ਮਹਾਰਾਸ਼ਟਰ ਕੋ-ਆਪ੍ਰੇਟਿਵ ਬੈਂਕ (ਪੀ ਐੱਮ ਸੀ) ਵਿੱਚ ਖਾਤਾ ਹੈ, ਅਗਲੇ 6 ਮਹੀਨੇ ਤਕ ਉਨ੍ਹਾਂ ਨੂੰ ਪ੍ਰੇਸ਼ਾਨੀ ਹੋ ਸਕਦੀ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ (ਆਰ ਬੀ ਆਈ) ਨੇ ਇਸ ਬੈਂਕ ਉੱਤੇ ਕਈ ਪਾਬੰਦੀਆਂ ਲਾ ਦਿੱਤੀਆਂ ਹਨ ਅਤੇ ਆਰ ਬੀ ਆਈ ਨੇ ਇਹ ਸਾਰੀ ਕਾਰਵਾਈ ਬੈਂਕਿੰਗ ਰੈਗੂਲੇਸ਼ਨ ਐਕਟ 1949 ਦੀ ਧਾਰਾ 35ਏ ਤਹਿਤ ਕੀਤੀ ਦੱਸੀ ਗਈ ਹੈ।

ਵਰਨਣ ਯੋਗ ਹੈ ਕਿ ਆਰ ਬੀ ਆਈ ਦੇ ਇਸ ਫ਼ੈਸਲੇ ਨਾਲ ਪੀ ਐੱਮ ਸੀ ਦੇ ਗਾਹਕਾਂ ਦੀਆਂ ਮੁਸ਼ਕਲਾਂ ਕਾਫੀ ਵਧ ਗਈਆਂ ਹਨ। ਇਸ ਦੇ ਬਾਅਦ ਬੈਂਕ ਵਿੱਚ ਕੋਈ ਨਵਾਂ ਫਿਕਸਡ ਡਿਪਾਜ਼ਿਟ ਅਕਾਊਂਟ ਨਹੀਂ ਖੁੱਲ੍ਹ ਸਕੇਗਾ ਅਤੇ ਇਸ ਤੋਂ ਬਿਨਾ ਬੈਂਕ ਦੇ ਨਵੇਂ ਕਰਜ਼ੇ ਜਾਰੀ ਕਰਨ ਉੱਤੇ ਪਾਬੰਦੀ ਲੱਗ ਗਈ ਹੈ। ਇਹੀ ਨਹੀਂ, ਬੈਂਕ ਦੇ ਗਾਹਕ ਅਗਲੇ 6 ਮਹੀਨੇ ਤਕ 1000 ਰੁਪਏ ਤੋਂ ਵੱਧ ਪੈਸੇ ਨਹੀਂ ਕੱਢਵਾ ਸਕਣਗੇ। ਆਰ ਬੀ ਆਈ ਦੇ ਨਿਰਦੇਸ਼ ਤੋਂ ਬਾਅਦ ਵੱਖ-ਵੱਖ ਬਰਾਂਚਾਂ ਤੋਂ ਗ੍ਰਾਹਕਾਂ ਦੇ ਹੰਗਾਮੇ ਦੀਆਂ ਖ਼ਬਰਾਂ ਵੀ ਆਈਆਂ ਹਨ। ਪਤਾ ਲੱਗਾ ਹੈ ਕਿ ਆਰ ਬੀ ਆਈ ਦੇ ਇਸ ਫ਼ੈਸਲੇ ਮਗਰੋਂ ਇਹ ਕਿਆਸ ਲੱਗ ਰਹੇ ਸਨ ਕਿ ਪੀ ਐੱਮ ਸੀ ਦਾ ਲਾਈਸੈਂਸ ਰੱਦ ਕਰ ਦਿੱਤਾ ਗਿਆ ਹੈ। ਉਂਝ ਆਰ ਬੀ ਆਈ ਨੇ ਇਸ ਬਾਰੇ ਸਥਿਤੀ ਸਪਸ਼ਟ ਕੀਤੀ ਹੈ ਕਿ ਇਨ੍ਹਾਂ ਪਾਬੰਦੀਆਂ ਤੋਂ ਇਹ ਨਹੀਂ ਸਮਝਿਆ ਜਾਣਾ ਚਾਹੀਦਾ ਕਿ ਆਰ ਬੀ ਆਈ ਨੇ ਇਸ ਬੈਂਕ ਦਾ ਬੈਂਕਿੰਗ ਲਾਈਸੈਂਸ ਰੱਦ ਕਰ ਦਿੱਤਾ ਹੈ। ਆਰ ਬੀ ਆਈ ਨੇ ਕਿਹਾ ਕਿ ਬੈਂਕ ਅਗਲੇ ਨੋਟਿਸ ਜਾਂ ਦਿਸ਼ਾ-ਨਿਰਦੇਸ਼ਾਂ ਤਕ ਪਾਬੰਦੀਆਂ ਨਾਲ ਕਾਰੋਬਾਰ ਕਰ ਸਕਦਾ ਹੈ।

ਇਸ ਬੈਂਕ ਦੇ ਐੱਮ ਡੀ ਜੋਏ ਥਾਮਸ ਨੇ ਕਿਹਾ, 'ਸਾਨੂੰ ਆਰ ਬੀ ਆਈ ਦੇ ਨਿਯਮਾਂ ਦਾ ਉਲੰਘਣ ਕਰਨ ਉੱਤੇ ਦੁਖ ਹੈ। ਇਸ ਕਾਰਨ 6 ਮਹੀਨੇ ਤਕ ਸਾਡੇ ਗਾਹਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਬਤੌਰ ਐਮ ਡੀ ਮੈਂ ਇਸ ਦੀ ਜ਼ਿੰਮੇਵਾਰੀ ਲੈਂਦਾ ਅਤੇ ਗਾਹਕਾਂ ਨੂੰ ਭਰੋਸਾ ਦੇਂਦਾ ਹਾਂ ਕਿ 6 ਮਹੀਨੇ ਤੋਂ ਪਹਿਲਾਂ ਅਸੀਂ ਸੁਧਾਰ ਕਰ ਲਵਾਂਗੇ।'

## ਸ਼ਰਧਾ ਨੂੰ ਚੁਣੌਤੀ ਦਿੱਤੀ ਤਾਂ ਮੁਸ਼ਕਲ ਹੋਵੇਗੀ: ਸੁਪਰੀਮ ਕੋਰਟ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਅਯੁੱਧਿਆ ਰਾਮ ਜਨਮ ਭੂਮੀ 'ਤੇ ਹਿੰਦੂਆਂ ਦੇ ਦਾਅਵੇ ਨੂੰ ਸਿਰਫ ਆਸਥਾ ਅਤੇ ਵਿਸ਼ਵਾਸ 'ਤੇ ਆਧਾਰਤ ਦੱਸ ਰਹੇ ਮੁਸਲਿਮ ਧਿਰ ਦੇ ਵਕੀਲ ਰਾਜੀਵ ਧਵਨ ਨੂੰ ਕੱਲ੍ਹ ਸੁਪਰੀਮ ਕੋਰਟ ਨੇ ਕਿਹਾ ਕਿ ਜੇ ਉਹ ਹਿੰਦੂਆਂ ਦੀ ਆਸਥਾ ਅਤੇ ਵਿਸ਼ਵਾਸ ਨੂੰ ਚੁਣੌਤੀ ਦੇਣਗੇ ਤਾਂ ਉਨ੍ਹਾਂ ਦੇ ਲਈ ਮੁਸ਼ਕਲ ਹੋਵੇਗੀ।

ਇਸ ਕੇਸ ਵਿੱਚ ਮੁਸਲਿਮ ਗਵਾਹਾਂ ਨੇ ਕਿਹਾ ਹੈ ਕਿ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਰਾਮ ਦਾ ਉਥੇ ਜਨਮ ਹੋਇਆ ਸੀ। ਜਿਵੇਂ ਮੁਸਲਮਾਨਾਂ ਲਈ ਮੱਕਾ ਹੈ, ਉਵੇਂ ਹੀ ਹਿੰਦੂਆਂ ਲਈ ਅਯੁੱਧਿਆ ਹੈ। ਧਵਨ ਨੂੰ ਦਲੀਲਾਂ ਦੇ ਪ੍ਰਤੀ ਸੁਚੇਤ ਕਰਨ ਵਾਲੀ ਇਹ ਟਿੱਪਣੀ ਜਸਟਿਸ ਡੀ ਵਾਈ ਚੰਦਰਚੂੜ ਨੇ ਕੀਤੀ। ਉਂਜ ਧਵਨ ਨੇ ਵਿਵਾਦਤ ਜ਼ਮੀਨ 'ਤੇ ਮੁਸਲਮਾਨਾਂ ਦਾ ਦਾਅਵਾ ਦੱਸਦੇ ਹੋਏ ਕਿਹਾ ਕਿ ਸਿਰਫ ਆਸਥਾ ਦੇ ਆਧਾਰ 'ਤੇ ਜਨਮ ਸਥਾਨ ਨੂੰ ਜਾਇਜ਼ ਵਿਅਕਤੀ ਨਹੀਂ ਮੰਨਿਆ ਜਾ ਸਕਦਾ। ਮੁਸਲਿਮ ਧਿਰ ਦੇ ਵਕੀਲ ਰਾਜੀਵ ਧਵਨ ਨੇ ਜਨਮ ਸਥਾਨ ਨੂੰ ਦੇਵਤਾ ਅਤੇ ਜੁਡੀਸ਼ਲ ਵਿਅਕਤੀ ਮੰਨੇ ਜਾਣ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜਨਮ ਸਥਾਨ ਨੂੰ ਜੁਡੀਸ਼ਲ ਧਿਰ ਕਹਿਣ ਦੀ ਧਾਰਨਾ ਦਾ ਜਨਮ 1989 ਵਿੱਚ ਹੋਇਆ, ਜਦ ਰਾਮ ਲੱਲਾ ਵੱਲੋਂ ਮਾਲਿਕੀ ਹੱਕ ਦਾ ਮੁਕੱਦਮਾ ਪੇਸ਼ ਹੋਇਆ। ਉਸ ਕੇਸ ਵਿੱਚ ਰਾਮ ਲੱਲਾ ਬਿਰਾਜਮਾਨ ਦੇ ਇਲਾਵਾ ਜਨਮ ਸਥਾਨ ਨੂੰ ਵੱਖਰੀ ਧਿਰ ਬਣਾਇਆ ਗਿਆ।

ਜਸਟਿਸ ਐਸ ਏ ਬੋਬਡੇ ਨੇ ਕੱਲ੍ਹ ਫਿਰ ਕਿਹਾ ਕਿ ਇਸ ਤੋਂ ਪਹਿਲਾਂ ਅਜਿਹਾ ਕਹਿਣ ਦਾ ਮੌਕਾ ਕਦੋਂ ਆਇਆ ਸੀ। ਜਸਟਿਸ ਚੰਦਰਚੂੜ ਨੇ ਧਵਨ ਨੂੰ ਸਵਾਲ ਕੀਤਾ ਕਿ ਜੇ ਰਾਮ ਲੱਲਾ ਅਤੇ ਜਨਮ ਸਥਾਨ ਦੋਵਾਂ ਨੂੰ ਜੁਡੀਸ਼ਲ ਵਿਅਕਤੀ ਮੰਨਿਆ ਜਾਂਦਾ ਹੈ ਤਾਂ ਇਸ ਦੇ ਕੀ ਨਤੀਜੇ ਹੋਣਗੇ ਅਤੇ ਜੇ ਸਿਰਫ ਰਾਮਲੱਲਾ (ਮੂਰਤੀ) ਨੂੰ ਜੁਡੀਸ਼ਲ ਵਿਅਕਤੀ ਮੰਨਿਆ ਜਾਂਦਾ ਹੈ ਤਾਂ ਉਸ ਦਾ ਕੀ ਨਤੀਜਾ ਹੋਵੇਗਾ। ਧਵਨ ਨੇ ਕਿਹਾ ਕਿ ਇਸ ਮੁਕੱਦਮੇ ਵਿੱਚ ਸੋਚ ਸਮਝ ਕੇ ਜਨਮ ਸਥਾਨ ਨੂੰ ਜੁਡੀਸ਼ਲ ਵਿਅਕਤੀ ਮੰਨਦੇ ਹੋਏ ਵੱਖਰੀਂ ਧਿਰ ਬਣਾਇਆ ਗਿਆ ਹੈ ਤਾਂ ਕਿ ਇਸ ਤੇ ਉਲਟ ਕਬਜ਼ੇ ਅਤੇ ਸਮਾਂ ਸੀਮਾ ਦਾ ਨਿਯਮ ਲਾਗੂ ਨਾ ਹੋਵੇ ਅਤੇ ਕੇਸ ਸਾਰੇ ਦਾਅਵਿਆਂ ਤੋਂ ਮੁਕਤ ਹੋ ਜਾਏ। ਧਵਨ ਨੇ ਕਿਹਾ, ਉਨ੍ਹਾਂ ਦੇ ਮੁਤਾਬਕ ਦੋਵਾਂ ਜਾਂ ਉਨ੍ਹਾਂ ਵਿੱਚੋਂ ਇੱਕ ਨੂੰ ਜੁਡੀਸ਼ਲ ਵਿਅਕਤੀ ਮੰਨਣ ਦਾ ਨਤੀਜਾ ਬਰਾਬਰ ਹੋਵੇਗਾ। ਧਵਨ ਨੇ ਜਨਮ ਭੂਮੀ ਦੀ ਪਰਿਕਰਮਾ ਦੇ ਬਾਰੇ ਗਵਾਹਾਂ ਦੇ ਬਿਆਨਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਗਵਾਹੀਆਂ ਦਾ ਫਰਕ ਹੈ। ਇਨ੍ਹਾਂ ਨੂੰ ਮੰਨਿਆ ਨਹੀਂ ਜਾ ਸਕਦਾ। ਇਸ 'ਤੇ ਜਸਟਿਸ ਅਸ਼ੋਕ ਭੂਸ਼ਣ ਨੇ ਕਿਹਾ ਕਿ ਪਰਿਕਰਮਾ ਦੀਆਂ ਗਵਾਹੀਆਂ ਉਸ ਜਗ੍ਹਾ ਦੀ ਪਵਿੱਤਰਤਾ ਦੇ ਬਾਰੇ ਵਿੱਚ ਦੱਸਦੀ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਟਿੱਪਣੀ ਕਰਦੇ ਹੋਏ ਕਿਹਾ ਕਿ ਜਿਵੇਂ ਮੁਸਲਮਾਨਾਂ ਦੇ ਲਈ ਮੱਕਾ ਹੈ, ਉਵੇਂ ਹੀ ਹਿੰਦੂਆਂ ਲਈ ਅਯੁੱਧਿਆ ਹੈ।

## ਸਵਾਮੀ ਚਿਨਮਇਆਨੰਦ ਉੱਤੇ ਬਲਾਤਕਾਰ ਦਾ ਦੋਸ਼ ਲਾਉਣ ਵਾਲੀ ਵਿਦਿਆਰਥਣ ਗ੍ਰਿਫਤਾਰ



ਸ਼ਾਹਜਹਾਨਪੁਰ, 24 ਸਤੰਬਰ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਸਵਾਮੀ ਚਿਨਮਇਆਨੰਦ ਉੱਤੇ ਬਲਾਤਕਾਰ ਦੇ ਦੋਸ਼ ਲਾਉਣ ਵਾਲੀ ਵਿਦਿਆਰਥਣ ਨੂੰ ਇਸ ਕੇਸ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਗ੍ਰਿਫਤਾਰ ਕਰ ਲਿਆ ਹੈ। ਸਵਾਮੀ ਚਿਨਮਇਆਨੰਦ ਤੋਂ ਪੰਜ ਕਰੋੜ ਰਿਸ਼ਵਤ ਮੰਗਣ ਦੇ ਕੇਸ ਵਿੱਚ ਆਪਣੇ ਤਿੰਨ ਦੋਸਤਾਂ ਨਾਲ ਨਾਮਜ਼ਦ ਵਿਦਿਆਰਥਣ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਜ਼ਿਲ੍ਹਾ ਜੱਜ ਦੀ ਕੋਰਟ ਵਿੱਚ ਅਰਜ਼ੀ ਦਿੱਤੀ ਹੋਈ ਹੈ, ਜਿਸ ਦੇ ਬਾਰੇ ਸੁਣਵਾਈ ਹੋਣੀ ਅਜੇ ਤੱਕ ਬਾਕੀ ਹੈ। ਵਿਦਿਆਰਥਣ ਨੇ ਇਸ ਤੋਂ ਪਹਿਲਾਂ ਸੋਮਵਾਰ ਨੂੰ ਇਲਾਹਾਬਾਦ ਹਾਈ ਕੋਰਟ ਵਿੱਚ ਗ੍ਰਿਫ਼ਤਾਰੀ ਉੱਤੇ ਰੋਕ ਲਾਉਣ ਦੀ ਅਰਜ਼ੀ ਦਿੱਤੀ ਸੀ। ਹਾਈ ਕੋਰਟ ਨੇ ਇਸ ਨੂੰ ਪ੍ਰਵਾਨ ਨਾ ਕਰ ਕੇ ਹੇਠਲੀ ਅਦਾਲਤ ਵਿੱਚ ਅਪੀਲ ਕਰਨ ਦੇ ਲਈ ਆਦੇਸ਼ ਦਿੱਤਾ ਸੀ।

ਵਰਨਣ ਯੋਗ ਹੈ ਕਿ ਸਵਾਮੀ ਚਿਨਮਇਆਨੰਦ ਉੱਤੇ ਬਲਾਤਕਾਰ ਦੇ ਦੋਸ਼ ਲਾਉਣ ਵਾਲੀ ਸ਼ਾਹਜਹਾਨਪੁਰ ਦੀ ਐੱਲ ਐੱਲ ਐੱਮ ਦੀ ਵਿਦਿਆਰਥਣ ਉੱਤੇ ਬਲੈਕਮੇਲਿੰਗ ਦੋਸ਼ ਲਾਏ ਗਏ ਹਨ। ਇਸ ਕੇਸ ਵਿੱਚ ਇਲਾਹਾਬਾਦ ਹਾਈ ਕੋਰਟ ਤੋਂ ਉਸ ਨੂੰ ਰਾਹਤ ਨਹੀਂ ਮਿਲੀ ਸੀ। ਪੀੜਤਾ ਨੇ ਆਪਣੀ ਗ੍ਰਿਫ਼ਤਾਰੀ ਉੱਤੇ ਰੋਕ ਲਾਉਣ ਅਤੇ ਅਦਾਲਤ ਵਿੱਚ ਪਹਿਲਾਂ ਦਰਜ ਕਰਾਏ ਆਪਣੇ ਬਿਆਨ ਨੂੰ ਗ਼ਲਤ ਦੱਸ ਕੇ ਦੋਬਾਰਾ ਬਿਆਨ ਦਰਜ ਕਰਾਉਣ ਲਈ ਅਰਜ਼ੀ ਦਿੱਤੀ ਸੀ, ਪਰ ਹਾਈ ਕੋਰਟ ਨੇ ਉਸ ਨੂੰ ਸਵੀਕਾਰ ਨਹੀਂ ਕੀਤਾ। ਸਵਾਮੀ ਚਿਨਮਇਆਨੰਦ ਉੱਤੇ ਵਿਦਿਆਰਥਣ ਨਾਲ ਬਲਾਤਕਾਰ ਕਰਨ ਅਤੇ ਪੀੜਤਾ ਨੂੰ ਬਲੈਕਮੇਲ ਕਰਨ ਦੇ ਦੋਸ਼ ਲੱਗੇ ਹਨ। ਦੋਵਾਂ ਕੇਸਾਂ ਦੀ ਜਾਂਚ ਕਰ ਰਹੀ ਐੱਸ ਆਈ ਟੀ ਨੇ ਇਲਾਹਾਬਾਦ ਹਾਈ ਕੋਰਟ ਵਿੱਚ ਸੀਲਬੰਦ ਲਿਫਾਫੇ ਵਿੱਚ ਪ੍ਰਗਤੀ ਰਿਪੋਰਟ ਨਾਲ ਕੇਸ ਡਾਇਰੀ ਪੇਸ਼ ਕੀਤੀ ਹੈ।

ਸੁਪਰੀਮ ਕੋਰਟ ਦੇ ਹੁਕਮ ਉੱਤੇ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਜਸਟਿਸ ਮਨੋਜ ਮਿਸ਼ਰਾ ਅਤੇ ਜਸਟਿਸ ਮੰਜੂਰਾਣੀ ਚੌਹਾਨ ਦੀ ਬੈਂਚ ਨੇ ਪ੍ਰਗਤੀ ਰਿਪੋਰਟ ਦੇਖੀ ਅਤੇ ਐੱਸ ਆਈ ਟੀ ਜਾਂਚ ਅਤੇ ਕਾਰਵਾਈ ਨੂੰ ਸੰਤੋਸ਼ ਜਨਕ ਮੰਨਿਆ ਹੈ। ਜਾਂਚ ਦੀ ਅਗਲੀ ਪ੍ਰਗਟੀ ਰਿਪੋਰਟ 22 ਅਕਤੂਬਰ ਨੂੰ ਪੇਸ਼ ਕਰਨ ਦਾ ਆਦੇਸ਼ ਦਿੱਤਾ ਹੈ।

## ਮੋਦੀ ਨੂੰ ਟਰੰਪ ਦੇ ਚੋਣ ਪ੍ਰਚਾਰ ਤੋਂ ਬਚਣਾ ਚਾਹੀਦਾ ਸੀ: ਕਾਂਗਰਸ



ਕਾਂਗਰਸ ਆਗੂ ਆਨੰਦ ਸ਼ਰਮਾ

ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- 'ਅਬ ਕੀ ਬਾਰ ਟਰੰਪ ਸਰਕਾਰ' ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਗਏ ਬਿਆਨ 'ਤੇ ਇਤਰਾਜ਼ ਕਰਦੇ ਹੋਏ ਕਾਂਗਰਸ ਨੇ ਕਿਹਾ ਹੈ ਕਿ ਮੋਦੀ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਚੋਣ ਪ੍ਰਚਾਰ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਸੀ।

ਕਾਂਗਰਸ ਪਾਰਟੀ ਦਾ ਕਹਿਣਾ ਹੈ ਕਿ ਟਰੰਪ ਦੇ ਹੱਕ ਵਿੱਚ ਪ੍ਰਧਾਨ ਮੰਤਰੀ ਦਾ ਸਿਆਸੀ ਬਿਆਨ ਆਜ਼ਾਦੀ ਤੋਂ ਬਾਅਦ ਤੋਂ ਚੱਲੀ ਆ ਰਹੀ ਭਾਰਤ ਦੀ ਨਿਰਪੱਖ ਵਿਦੇਸ਼ ਨੀਤੀ ਦੀ ਪਰੰਪਰਾ ਦੇ ਉਲਟ ਹੈ। ਇਸ ਬਾਰੇ ਕਾਂਗਰਸ ਆਗੂ ਆਨੰਦ ਸ਼ਰਮਾ ਨੇ ਕੱਲ੍ਹ ਕਿਹਾ ਕਿ ਅਮਰੀਕਾ ਨਾਲ ਭਾਰਤ ਦੀ ਰਣਨੀਤਕ ਭਾਈਵਾਲੀ ਉਥੋਂ ਦੀ ਪਾਰਟੀਬਾਜ਼ੀ ਸਿਆਸਤ ਦੀਆਂ ਹੱਦਾਂ ਤੋਂ ਪਰ੍ਹਾਂ ਹੈ। ਅਸੀਂ ਇਸੇ ਦੀ ਹਮਾਇਤ ਕਰਦੇ ਹਾਂ। ਜਿੱਥੋਂ ਤੱਕ ਭਾਰਤ ਦੀ ਵਿਦੇਸ਼ ਨੀਤੀ ਦਾ ਸਵਾਲ ਹੈ ਤਾਂ ਜਦੋਂ ਵੀ ਸਾਡੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦੂਜੇ ਦੇਸ਼ ਦੀ ਯਾਤਰਾ ਕਰਦੇ ਹਨ ਤਾਂ ਉਥੋਂ ਦੀ ਅੰਦਰੂਨੀ ਸਿਆਸਤ ਤੋਂ ਦੂਰ ਰਹਿੰਦੇ ਹਨ। ਭਾਰਤ ਕਿਸੇ ਦੇਸ਼ ਦੀਆਂ ਚੋਣਾਂ 'ਚ ਕਿਸੇ ਦਾ ਪੱਖ ਨਹੀਂ ਲੈਂਦਾ। ਸ਼ਰਮਾ ਨੇ ਕਿਹਾ ਕਿ ਇਸ ਲਿਹਾਜ਼ ਨਾਲ 'ਹਾਉਡੀ ਮੋਦੀ' ਪ੍ਰੋਗਰਾਮ ਦੇ ਮੰਚ ਉੱਤੇ ਪ੍ਰਧਾਨ ਮੰਤਰੀ ਦਾ ਅਮਰੀਕੀ ਰਾਸ਼ਟਰਪਤੀ ਦੇ ਹੱਕ 'ਚ ਨਾਅਰਾ ਲਾਉਣਾ ਸਹੀ ਨਹੀਂ ਸੀ। ਪ੍ਰਧਾਨ ਮੰਤਰੀ ਨੂੰ 'ਅਬ ਕੀ ਬਾਰ ਟਰੰਪ ਸਰਕਾਰ' ਦਾ ਨਾਅਰਾ ਲਾਉਣ ਤੋਂ ਬਚਣਾ ਚਾਹੀਦਾ ਸੀ ਤੇ ਇਸ ਦਾ ਗਲਤ ਮਤਲਬ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡਾ ਸਬੰਧ ਦੋ ਦੇਸ਼ਾਂ ਵਿਚਕਾਰ ਹੁੰਦਾ ਹੈ ਅਤੇ ਇਸੇ ਲਈ ਅਸੀਂ ਅੰਦਰੂਨੀ ਚੋਣਾਂ 'ਤੇ ਕੋਈ ਟਿੱਪਣੀ ਨਹੀਂ ਕਰਦੇ। ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਟਿੱਪਣੀ ਇਸ ਲਈ ਵੀ ਗੈਰ ਜ਼ਰੂਰੀ ਸੀ ਕਿ ਅਮਰੀਕਾ 'ਚ ਰਿਪਬਲਿਕਨ ਪਾਰਟੀ ਹੋਵੇ ਜਾਂ ਡੈਮੋਕ੍ਰੇਟ ਪਾਰਟੀ, ਅਸੀਂ ਦੋਵਾਂ ਨਾਲ ਕੰਮ ਕਰ ਚੁੱਕੇ ਹਾਂ।

## ਰਾਜਸਥਾਨ ਪੁਲਸ ਨੇ 13 ਦੋਸ਼ੀਆਂ ਦੀ ਕੱਛੇ-ਬੁਨੈਣ ਵਿੱਚ ਪਰੇਡ ਕਰਵਾਈ



ਅਲਵਰ, 24 ਸਤੰਬਰ (ਪੋਸਟ ਬਿਊਰੋ)- ਕੱਲ੍ਹ ਰਾਜਸਥਾਨ ਪੁਲਸ ਨੇ 13 ਦੋਸ਼ੀਆਂ ਨੂੰ ਅੱਧਨੰਗੀ ਹਾਲਤ 'ਚ ਹੱਥਕੜੀਆਂ ਲਾ ਕੇ ਬਾਜ਼ਾਰ 'ਚ ਕਰੀਬ ਦੋ ਕਿਲੋਮੀਟਰ ਤੱਕ ਪਰੇਡ ਕਾਰਵਾਈ ਤਾ ਲੋਕ ਹੈਰਾਨ ਹੋ ਗਏ। ਬਾਅਦ 'ਚ ਪਤਾ ਲੱਗਾ ਕਿ ਇਹ ਲੋਕ ਹਰਿਆਣਾ ਦੇ ਗੈਂਗਸਟਰ ਵਿਕਰਮ ਗੁੱਜਰ ਉਰਫ ਪੱਪਲੈ ਨੂੰ ਪੁਲਸ ਹਿਰਾਸਤ 'ਚੋਂ ਫਰਾਰ ਕਰਾਉਣ ਦੇ ਮਾਮਲੇ ਦੇ ਦੋਸ਼ੀ ਹਨ ਅਤੇ ਸਾਰੇ ਇੱਕ ਖਤਰਨਾਕ ਗੈਂਗ ਦੇ ਮੈਂਬਰ ਹਨ।

ਰਿਵਾੜੀ ਦੇ ਪੁਲਸ ਸੁਪਰਡੈਂਟ ਨੇ ਹਥਿਆਰਬੰਦ ਮੁਲਾਜ਼ਮਾਂ ਦੀ ਨਿਗਰਾਨੀ 'ਚ ਅੱਧਨੰਗੇ ਦੋਸ਼ੀਆਂ ਦੀ ਨੁਮਾਇਸ਼ ਨੂੰ ਅਪਰਾਧ ਦੀ ਮੁੜ ਪੇਸ਼ਕਾਰੀ (ਰੀਕਰੀਏਟ) ਦਾ ਮੌਕਾ ਮੁਆਇਨਾ ਦੱਸ ਕੇ ਕਿਹਾ ਕਿ ਇਹ ਅਪਰਾਧਿਕ ਕੇਸਾਂ ਦੀ ਜਾਂਚ ਦੀ ਇਕ ਰੁਟੀਨ ਪ੍ਰਕਿਰਿਆ ਹੈ ਅਤੇ ਪੁਲਸ ਦਾ ਇਸ ਪ੍ਰਦਰਸ਼ਨ ਨਾਲ ਲੋਕਾਂ ਨੂੰ ਸੁਨੇਹਾ ਦੇਣ ਦਾ ਕੋਈ ਇਰਾਦਾ ਨਹੀਂ ਹੈ। ਵਰਨਣ ਯੋਗ ਹੈ ਕਿ 6 ਸਤੰਬਰ ਨੂੰ ਗੈਂਗਸਟਰ ਪੱਪਲਾ ਨੂੰ ਇਹ ਹਥਿਆਰਬੰਦ ਦੋਸ਼ੀ ਥਾਣੇ 'ਤੇ ਗੋਲੀਬਾਰੀ ਕਰਕੇ ਛੁਡਾ ਕੇ ਲੈ ਗਏ ਸਨ। ਪੁਲਸ ਹਾਲੇ ਤੱਕ ਹਮਲਾ ਕਰਨ, ਗੋਲੀਬਾਰੀ ਕਰਨ ਅਤੇ ਪੱਪਲਾ ਨੂੰ ਭਜਾਉਣ 'ਚ ਮਦਦ ਕਰਨ ਵਾਲੇ 20 ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ, ਪਰ ਪੱਪਲਾ ਨੂੰ ਫੜਨ 'ਚ ਨਾਕਾਮ ਹੈ। ਇਸ ਮਾਮਲੇ 'ਚ ਉਸ ਸਮੇਂ ਦੇ ਬਹਰੋੜ ਦੇ ਡੀ ਐਸ ਪੀ, ਥਾਣੇਦਾਰ ਅਤੇ ਦੋ ਹੈਡ ਕੰਸਟੇਬਲਾਂ ਨੂੰ ਸਸਪੈਂਡ ਕਰਨ ਦੇ ਨਾਲ 69 ਪੁਲਸ ਮੁਲਾਜ਼ਮਾਂ ਨੂੰ ਲਾਇਨ ਹਾਜ਼ਰ ਕੀਤਾ ਜਾ ਚੁੱਕਾ ਹੈ। ਪੁਲਸ ਨੇ ਗਸ਼ਤ ਦੌਰਾਨ ਪੱਪਲਾ ਨੂੰ 31.90 ਲੱਖ ਦੀ ਨਕਦੀ ਸਮੇਤ ਹਿਰਾਸਤ 'ਚ ਲਿਆ ਸੀ ਅਤੇ ਉਸ ਤੋਂ ਥਾਣੇ 'ਚ ਪੁੱਛਗਿੱਛ ਕੀਤੀ ਜਾ ਰਹੀ ਸੀ ਜਦੋਂ ਹਥਿਆਰਬੰਦ ਲੋਕ ਗੋਲੀਬਾਰੀ ਕਰਦੇ ਪੱਪਲਾ ਨੂੰ ਛੁਡਾ ਕੇ ਲੈ ਗਏ ਸਨ।

## ਚਿਟ ਫੰਡ ਕੰਪਨੀਆਂ ਨੇ ਅੱਸੀ ਲੱਖ ਲੋਕਾਂ ਨੂੰ ਠੱਗਿਆ

ਭੋਪਾਲ, 24 ਸਤੰਬਰ (ਪੋਸਟ ਬਿਊਰੋ)- ਬੰਗਾਲ ਅਤੇ ਉੜੀਸਾ ਦੀ ਤਰ੍ਹਾਂ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਕਰੀਬ ਅੱਸੀ ਲੱਖ ਲੋਕਾਂ ਦੇ ਦੋ ਤੋਂ ਢਾਈ ਹਜ਼ਾਰ ਕਰੋੜ ਰੁਪਏ ਚਿਟ ਫੰਡ ਕੰਪਨੀਆਂ ਨੇ ਧੋਖਾਧੜੀ ਨਾਲ ਹੜੱਪ ਲਏ।

ਪਰਲ ਐਗਰੋਟੇਕ ਕਾਰਪੋਰੇਸ਼ਨ ਲਿਮਟਿਡ (ਪੀ ਏ ਸੀ ਐੱਲ) ਸਮੇਤ ਕਰੀਬ ਤਿੰਨ ਦਰਜਨ ਚਿਟ ਫੰਡ ਕੰਪਨੀਆਂ ਨੇ ਰਕਮ ਦੁੱਗਣੀ ਕਰਨ ਦਾ ਲਾਲਚ ਦੇ ਕੇ ਲੋਕਾਂ ਨੂੰ ਠੱਗਿਆ ਹੈ। ਧੋਖੇ ਦੇ ਸ਼ਿਕਾਰ ਲੋਕਾਂ ਵਿੱਚ ਬਹੁਤੇ ਨਿਮਨ ਮੱਧ ਵਰਗੀ ਤੇ ਕਰਮਚਾਰੀ ਹਨ। ਮੱਧ ਪ੍ਰਦੇਸ਼ ਸਰਕਾਰ ਨੇ ਪੁਲਸ ਹੈੱਡਕੁਆਰਟਰ ਦੀ ਕਾਰਪੋਰੇਟ ਫਰਾਡ ਬ੍ਰਾਂਚ ਨੂੰ ਮਾਮਲੇ ਦੀ ਜਾਂਚ ਸੌਂਪੀ ਹੈ। ਚਿਟ ਫੰਡ ਕੰਪਨੀਆਂ ਨੇ ਢਾਈ-ਤਿੰਨ ਦਹਾਕੇ ਤੱਕ ਸੂਬੇ ਵਿੱਚ ਇਹ ਧੋਖਾਧੜੀ ਕੀਤੀ। ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਵੱਲੋਂ ਮਾਮਲੇ ਦੀ ਜਾਂਚ ਦੇ ਲਈ ਪੱਤਰ ਲਿਖੇ ਜਾਣ ਦੇ ਬਾਅਦ ਮੁੱਖ ਮੰਤਰੀ ਕਮਲਨਾਥ ਨੇ ਹਾਲ ਹੀ ਵਿੱਚ ਪੁਲਸ ਹੈੱਡਕੁਆਰਟਰ ਨੂੰ ਜਾਂਚ ਦੇ ਹੁਕਮ ਦਿੱਤੇ ਹਨ। ਦੋਵਾਂ ਰਾਜਾਂ ਵਿੱਚ ਸਭ ਤੋਂ ਵੱਡੀ ਕੰਪਨੀ ਪੀ ਏ ਸੀ ਐੱਲ ਸੀ, ਜਿਸ ਨੇ ਵੱਡੇ ਸ਼ਹਿਰਾਂ ਵਿੱਚ ਆਪਣੇ ਦਫਤਰ ਖੋਲ੍ਹ ਕੇ ਪਹਿਲਾਂ ਲੋਕਾਂ ਦਾ ਵਿਸ਼ਵਾਸ ਜਿੱਤਿਆ ਅਤੇ ਫਿਰ ਅਰਬਾਂ ਰੁਪਏ ਲੈ ਲਏ। ਕਰੀਬ ਤਿੰਨ ਦਰਜਨ ਛੋਟੀਆਂ-ਵੱਡੀਆਂ ਕੰਪਨੀਆਂ ਤਿੰਨ ਤੋਂ ਪੰਜ ਸਾਲ ਵਿੱਚ ਪੈਸਾ ਦੁੱਗਣਾ ਕਰਨ ਦਾ ਲਾਲਚ ਦੇ ਕੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਵਾਪਸ ਕਰਨ ਤੋਂ ਮੁਕਰ ਗਈਆਂ। ਪੀ ਏ ਸੀ ਐੱਲ ਅਤੇ ਦੂਸਰੀਆਂ ਚਿਟ ਫੰਡ ਕੰਪਨੀਆਂ ਦੇ ਖਿਲਾਫ ਜ਼ਿਲ੍ਹਾ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਵਿੱਚ ਵੀ ਕੇਸਾਂ ਦੀ ਸੁਣਵਾਈ ਹੋਈ, ਪ੍ਰੰਤੂ ਲੋਕਾਂ ਦਾ ਪੈਸਾ ਵਾਪਸ ਨਹੀਂ ਹੋ ਸਕਿਆ। ਏ ਆਈ ਐੱਸ ਓ ਦੇ ਕੌਮੀ ਉਪ ਪ੍ਰਧਾਨ ਐੱਲ ਐੱਮ ਪਾਂਡੇ ਦੱਸਦੇ ਹਨ ਕਿ ਪੀ ਏ ਸੀ ਐੱਲ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ 47 ਲੱਖ ਨਿਵੇਸ਼ਕਾਂ ਦਾ ਕਰੀਬ 1300 ਕਰੋੜ ਰੁਪਏ ਹੜੱਪ ਕਰੀ ਬੈਠੀ ਹੈ। ਬਾਕੀ ਤਿੰਨ ਦਰਜਨ ਹੋਰ ਕੰਪਨੀਆਂ ਨੇ ਦੋਵਾਂ ਰਾਜਾਂ ਦੇ 35 ਲੱਖ ਲੋਕਾਂ ਦੇ 1200 ਤੋਂ 1300 ਕਰੋੜ ਰੁਪਏ ਲਾਲਚ ਦੇ ਕੇ ਹੜੱਪ ਲਏ ਹਨ। ਉਨ੍ਹਾਂ ਨੇ ਦੱਸਿਆ ਕਿ ਪੂਰੇ ਦੇਸ਼ ਤੋਂ ਪੰਜ ਕਰੋੜ 86 ਲੱਖ ਨਿਵੇਸ਼ਕਾਂ ਨੂੰ ਠੱਗਿਆ ਗਿਆ।

## ਆਜ਼ਮ ਖਾਨ ਨੂੰ ਝਟਕਾ

## ਐਨ ਜੀ ਟੀ ਵੱਲੋਂ ਜੌਹਰ ਯੂਨੀਵਰਸਿਟੀ ਦੇ ਖਿਲਾਫ ਕਾਰਵਾਈ ਦਾ ਹੁਕਮ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਕੋਸੀ ਹੜ੍ਹ ਖੇਤਰ ਉੱਤੇ ਕਬਜ਼ੇ ਲਈ ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਆਜ਼ਮ ਖਾਨ ਵੱਲੋਂ ਰਾਮਪੁਰ ਤੋਂ ਚੱਲਦੀ ਨਿੱਜੀ ਯੂਨੀਵਰਸਿਟੀ ਦੇ ਖਿਲਾਫ ਕਾਰਵਾਈ ਕਰਨ ਦਾ ਹੁਕਮ ਦੇ ਦਿੱਤਾ ਹੈ।

ਐਨ ਜੀ ਟੀ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਕਿਉਂਕਿ ਕੋਸੀ ਅਸਲ ਵਿੱਚ ਗੰਗਾ ਦੀ ਸਹਿਯੋਗੀ ਨਦੀ ਹੈ, ਇਸ ਲਈ ਸੰਬੰਧਤ ਵੈਧਾਨਿਕ ਅਥਾਰਟੀ ਦੋਸ਼ੀਆਂ ਦੇ ਖਿਲਾਫ ਉਚਿਤ ਕਾਰਵਾਈ ਕਰ ਸਕਦੀ ਹੈ। ਬੈਂਚ ਨੇ ਕਿਹਾ, 'ਉਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 13 ਅਗਸਤ 2019 ਨੂੰ ਇਕ ਰਿਪੋਰਟ ਦਾਇਰ ਕੀਤੀ ਗਈ ਹੈ ਕਿ ਟਰੱਸਟ ਨੇ ਜ਼ਮੀਨ ਨੂੰ ਨਾਜਾਇਜ਼ ਹੜਪ ਕਰ ਲਿਆ, ਜਿਸ ਦੇ ਖਿਲਾਫ ਮੁਰਦਾਬਾਦ ਦੇ ਵਿਭਾਗੀ ਕਮਿਸ਼ਨਰ ਸਾਹਮਣੇ ਅਪੀਲ ਪੈਂਡਿੰਗ ਹੈ। ਸ਼ਿਕਾਇਤ ਦਰਜ ਕਰ ਲਈ ਗਈ ਹੈ ਅਤੇ ਪੱਟੇ (ਲੀਜ) ਨੂੰ ਰੱਦ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਗਈ ਹੈ। ਬੈਂਚ ਨੇ ਕਿਹਾ, 'ਰਿਪੋਰਟ ਦੇ ਮੱਦੇਨਜ਼ਰ ਸਾਡਾ ਵਿਚਾਰ ਹੈ ਕਿ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਕੋਸੀ ਗੰਗਾ ਦੀ ਸਹਾਇਕ ਨਦੀ ਹੈ, ਹੜ੍ਹ ਖੇਤਰ ਵਿੱਚ ਕਬਜ਼ੇ ਲਈ ਕਾਨੂੰਨ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਸੰਬੰਧਤ ਵੈਧਾਨਿਕ ਅਥਾਰਟੀ ਕਾਨੂੰਨ ਅਨੁਸਾਰ ਅੱਗੇ ਵਧ ਸਕਦੇ ਹਨ।

## ਅਣਜੰਮੀਆਂ 5500 ਧੀਆਂ ਦਾ ਸਰਾਧ ਕੀਤਾ ਗਿਆ



ਵਾਰਾਨਸੀ, 24 ਸਤੰਬਰ (ਪੋਸਟ ਬਿਊਰੋ)- ਸੱਭਿਆਚਾਰ ਅਤੇ ਸੰਸਕਾਰਾਂ ਦੀ ਨਗਰੀ ਕਾਸ਼ੀ ਨੇ ਮਾਤਰ ਨੌਮੀ 'ਤੇ ਕੱਲ੍ਹ ਅਣਜੰਮੀਆਂ 5500 ਧੀਆਂ ਦੇ ਨਾਂ ਉੱਤੇ ਸਰਾਧ ਸੰਸਕਾਰ ਕਰਵਾਇਆ ਹੈ।

ਗਰਭ ਵਿੱਚ ਮਾਰ ਕੇ ਜਿਊਣ ਦੇ ਅਧਿਕਾਰ ਤੋਂ ਵਾਂਝੀਆਂ ਕਰ ਦਿੱਤੀਆਂ ਧੀਆਂ ਨੂੰ ਮੋਕਸ ਮੁਕਤੀ ਦਾ ਅਧਿਕਾਰ ਦੇ ਦੇਣ ਲਈ ਇਸ ਸਰਾਧ ਦੇ ਨਾਲ ਕੰਨਿਆ ਭਰੂਣ ਹੱਤਿਆ ਨਾ ਕਰਨ ਦੇ ਸੰਦੇਸ਼ ਨਾਲ ਏਦਾਂ ਕਰਨ ਵਾਲਿਆਂ ਨੂੰ ਵਰਜਿਆ ਵੀ ਗਿਆ ਹੈ। ਸਮਾਜਿਕ ਸੰਸਥਾ ਆਗਮਾਨ ਦੀ ਅਪੀਲ 'ਤੇ ਅੱਸੂ ਮਹੀਨੇ ਦੀ ਕ੍ਰਿਸ਼ਨ ਨੌਮੀ 'ਤੇ ਖੜੀ ਦੁਪਹਿਰ ਵਿੱਚ ਗੰਗਾ ਕਿਨਾਰੇ ਦਸ਼ਾਸ਼ਵਮੇਧ ਘਾਟ 'ਤੇ ਇਕੱਠ ਹੋਇਆ। ਸਰਾਧ ਦੇ ਨਾਲ ਹੀ ਕਾਸ਼ੀ ਵਾਸੀਆਂ ਨੇ ਮਿੱਟੀ ਦੀ ਇਕ ਕਤਾਰ ਵਿੱਚ ਵੇਦੀਆਂ ਬਣਾਈਆਂ। ਕੁੱਖ 'ਚ ਦਮ ਤੋੜ ਚੁੱਕੀਆਂ ਧੀਆਂ ਦੇ ਨਾਂ 5500 ਪਿੰਡ ਬਣਾਏ। ਪੰਜ ਵੈਦਿਕ ਬ੍ਰਾਹਮਣਾਂ ਨੇ ਮੰਤਰ ਪੜ੍ਹੇ ਤੇ ਅਭਾਗੇ ਮਾਤਾ-ਪਿਤਾ ਦੀ ਮਾੜੀ ਸੋਚ ਕਾਰਨ ਕੁੱਖ ਵਿੱਚ ਮਾਰ ਦਿੱਤੀ ਗਈ ਹਰ ਧੀ ਦੇ ਮੋਕਸ਼ ਦੀ ਕਾਮਨਾ ਨਾਲ ਸ਼ਾਸਤਰਾਂ ਵਿੱਚ ਵਰਣਿਤ ਪ੍ਰੰਪਰਾ ਮੁਤਾਬਕ ਸਰਾਧ ਤੇ ਤਰਪਣ ਕੀਤਾ। ਇਸ ਤਰ੍ਹਾਂ ਹਾਲੇ ਤੱਕ 26,000 ਧੀਆਂ ਦਾ ਪਿੰਡ ਦਾਨ ਤੇ ਤਰਪਣ ਕਰ ਚੁੱਕੇ ਸੰਸਥਾ ਦੇ ਸਕੱਤਰ ਡਾ. ਸੰਤੋਸ ਓਝਾ ਨੇ ਵਿਧਾਨ ਨਾਲ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ।

## ਗਊ ਹੱਤਿਆ ਦੇ ਸ਼ੱਕ ਹੇਠ ਅਪਾਹਜ ਵਿਅਕਤੀ ਕੁੱਟ ਕੇ ਮਾਰਿਆ

ਖੁੰਟੀ/ ਜੈਪੁਰ, 24 ਸਤੰਬਰ (ਪੋਸਟ ਬਿਊਰੋ)- ਝਾਰਖੰਡ ਦੇ ਖੁੰਟੀ ਜ਼ਿਲੇ 'ਚ ਗਊ ਹੱਤਿਆ ਦੇ ਸ਼ੱਕ ਹੇਠ ਭੀੜ ਵੱਲੋਂ ਕੀਤੀ ਕੁੱਟਮਾਰ 'ਚ ਇਕ ਅਪਾਹਜ ਵਿਅਕਤੀ ਦੀ ਮੌਤ ਹੋ ਗਈ, ਜਦ ਕਿ ਦੋ ਹੋਰ ਜ਼ਖਮੀ ਹੋ ਗਏ। ਇਸ ਦੌਰਾਨ ਰਾਜਸਥਾਨ ਦੇ ਅਲਵਰ ਜ਼ਿਲੇ 'ਚ ਭੀੜ ਨੇ ਗਊ ਤਸਕਰ ਨੂੰ ਕੁੱਟ ਦਿੱਤਾ ਹੈ।

ਅਸਲ ਵਿੱਚ ਝਾਰਖੰਡ 'ਚ ਘਟਨਾ ਉਸ ਸਮੇਂ ਵਾਪਰੀ ਜਦੋਂ ਖੁੰਟੀ ਜ਼ਿਲੇ ਦੇ ਪਿੰਡ ਜਲਤਾਂਗਾ 'ਚ ਦਰਿਆ ਨੇੜੇ ਗਊ ਦਾ ਪਿੰਜਰ ਮਿਲਿਆ। ਪੁਲਸ ਅਧਿਕਾਰੀ ਦੇ ਮੁਤਾਬਕ ਗਊ ਦੇ ਪਿੰਜਰ ਕੋਲ ਮੌਜੂਦ ਕਲਾਨਤਸ ਬਾਰਲਾ, ਫਾਗੂ ਕੱਛਪ ਅਤੇ ਫਿਲਿਪ ਹੋਰੋ ਨੂੰ ਦੇਖਦਿਆਂ ਹੀ ਲੋਕਾਂ ਨੇ ਉਨ੍ਹਾਂ ਨਾਲ ਕੁੱਟਮਾਰ ਕੀਤੀ। ਅਧਿਕਾਰੀ ਨੇ ਦੱਸਿਆ ਕਿ ਬਾਰਲਾ ਦੀ ਹਸਪਤਾਲ ਜਾਣ ਸਮੇਂ ਰਾਹ 'ਚ ਮੌਤ ਹੋ ਗਈ, ਜਦ ਕਿ ਕੱਛਪ ਤੇ ਹੋਰੋ ਦਾ ਰਾਂਚੀ ਦੇ ਰਾਜੇਂਦਰ ਮੈਡੀਕਲ ਸਾਇੰਸਿਜ਼ ਇੰਸਟੀਚਿਊਟ 'ਚ ਇਲਾਜ ਚੱਲ ਰਿਹਾ ਹੈ। ਪੁਲਸ ਨੇ ਕਤਲ ਦੇ ਸਬੰਧ 'ਚ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੀ ਰਿਹਾਈ ਲਈ ਪਿੰਡ ਵਾਲਿਆਂ ਨੇ ਕਾਰਾ ਪੁਲਸ ਸਟੇਸ਼ਨ ਦਾ ਬੀਤੇ ਦਿਨੀਂ ਘਿਰਾਓ ਕੀਤਾ।

## ਪੰਜ ਸਾਲ ਵਿੱਚ ਸੱਤ ਪ੍ਰਮੁੱਖ ਸ਼ਹਿਰਾਂ ਵਿੱਚ 27 ਫੀਸਦੀ ਫਲੈਟ ਛੋਟੇ ਹੋਏ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਰਿਹਾਇਸ਼ੀ ਫਲੈਟਾਂ ਦਾ ਔਸਤ ਆਕਾਰ 27 ਫੀਸਦੀ ਘਟਿਆ ਹੈ। ਐਨਾਰਾਕ ਦੀ ਰਿਪੋਰਟ 'ਚ ਇਹ ਸਿੱਟਾ ਕੱਢਿਆ ਗਿਆ ਹੈ। ਇਸ ਦੌਰਾਨ ਕੌਮੀ ਰਾਜਧਾਨੀ ਖੇਤਰ (ਐਨ ਸੀ ਆਰ) ਵਿੱਚ ਫਲੈਟਾਂ ਦਾ ਔਸਤ ਆਕਾਰ ਸਿਰਫ ਛੇ ਫੀਸਦੀ ਘਟਿਆ ਹੈ।

ਐਨਾਰਾਕ ਦੇ ਚੇਅਰਮੈਨ ਅਨੁਜ ਪੁਰੀ ਨੇ ਕਿਹਾ, ਨਕਦੀ ਸੰਕਟ, ਖਰੀਦਦਾਰੀ ਦੀ ਪਹਿਲ 'ਚ ਬਦਲਾਅ ਤੇ ਮਕਾਨਾਂ ਦੀ ਕੀਮਤ ਬਾਰੇ ਚਿੰਤਾ ਦੀ ਵਜ੍ਹਾ ਨਾਲ ਬਿਲਡਰ ਵੱਡਾ ਬਿਹਤਰ ਹੋਣ ਤੋਂ ਹੱਟ ਕੇ ਸੱਤ ਪ੍ਰਮੁੱਖ ਸ਼ਹਿਰਾਂ ਵਿੱਚ ਛੋਟੀਆਂ ਰਿਹਾਇਸ਼ੀ ਇਕਾਈਆਂ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਜਾਇਦਾਦ ਸਲਾਹਕਾਰ ਨੇ ਕਿਹਾ ਕਿ ਸੱਤ ਪ੍ਰਮੁੱਖ ਸ਼ਹਿਰਾਂ (ਮੁੰਬਈ ਮਹਾਨ-ਗਰ ਖੇਤਰ, ਦਿੱਲੀ-ਐਨ ਸੀ ਆਰ, ਪੁਣੇ, ਚੇਨਈ, ਬੰਗਲੌਰ, ਹੈਦਰਾਬਾਦ ਅਤੇ ਕੋਲਕਾਤਾ) 'ਚ ਫਲੈਟਾਂ ਦਾ ਔਸਤ ਆਕਾਰ ਪੰਜ ਸਾਲਾਂ ਵਿੱਚ 27 ਫੀਸਦੀ ਘੱਟ ਕੇ 1,020 ਵਰਗ ਫੁੱਟ ਰਹਿ ਗਿਆ ਹੈ। 2014 ਵਿੱਚ ਇਹ 1,400 ਵਰਗ ਫੁੱਟ ਸੀ। ਮੁੰਬਈ ਮਹਾਨਗਰ ਖੇਤਰ ਵਿੱਚ ਫਲੈਟਾਂ ਦਾ ਔਸਤ ਆਕਾਰ ਸਭ ਤੋਂ ਵੱਧ 45 ਫੀਸਦੀ ਘੱਟ ਕੇ 2014 ਦੇ 960 ਵਰਗ ਫੁੱਟ ਤੋਂ 530 ਵਰਗ ਫੁੱਟ 'ਤੇ ਆ ਗਿਆ ਹੈ। ਪੁਣੇ ਵਿੱਚ ਫਲੈਟਾਂ ਦਾ ਔਸਤ ਆਕਾਰ 38 ਫੀਸਦੀ ਘੱਟ ਕੇ 600 ਵਰਗ ਫੁੱਟ 'ਤੇ ਆ ਗਿਆ ਹੈ। ਰਿਪੋਰਟ ਅਨੁਸਾਰ ਚੇਨਈ, ਬੰਗਲੌਰ ਅਤੇ ਹੈਦਰਾਬਾਦ ਵਿੱਚ ਫਲੈਟਾਂ ਦੇ ਔਸਤ ਆਕਾਰ ਵਿੱਚ ਕ੍ਰਮਵਾਰ 8, 9 ਤੇ 12 ਫੀਸਦੀ ਦੀ ਗਿਰਾਵਟ ਆਈ ਹੈ। ਸਿਖਰਲੇ ਸੱਤ ਸ਼ਹਿਰਾਂ ਵਿੱਚ ਇਸ ਸਮੇਂ ਹੈਦਰਾਬਾਦ ਵਿੱਚ ਫਲੈਟਾਂ ਦਾ ਔਸਤ ਆਕਾਰ ਸਭ ਤੋਂ ਵੱਧ ਯਾਨੀ 1,570 ਵਰਗ ਫੁੱਟ ਹੈ। ਬੰਗਲੌਰ ਵਿੱਚ ਇਹ 1,300 ਵਰਗ ਫੁੱਟ ਅਤੇ ਚੇਨਈ ਵਿੱਚ 1,190 ਵਰਗ ਫੁੱਟ ਹੈ। ਕੋਲਕਾਤਾ ਵਿੱਚ ਫਲੈਟਾਂ ਦਾ ਔਸਤ ਆਕਾਰ ਪੰਜ ਸਾਲ ਵਿੱਚ ਨੌਂ ਫੀਸਦੀ ਘੱਟ ਕੇ 1,230 ਵਰਗ ਫੁੱਟ ਤੋਂ 1,120 ਵਰਗ ਫੁੱਟ 'ਤੇ ਆ ਗਿਆ।

## ਪ੍ਰੁਆਇੰਟਸ ਆਫ ਲਾਈਟ ਐਵਾਰਡ ਲਈ ਬ੍ਰਿਟਿਸ਼ ਸਿੱਖ ਆਰਮੀ ਰਿਜ਼ਰਵ ਨੂੰ ਚੁਣਿਆ ਗਿਆ

ਲੰਡਨ, 24 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਬ੍ਰਿਟਿਸ਼ ਸਿੱਖ ਆਰਮੀ ਰਿਜ਼ਰਵ ਨੂੰ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਪ੍ਰੁਆਇੰਟਸ ਆਫ ਲਾਈਟ ਐਵਾਰਡ ਲਈ ਚੁਣਿਆ ਹੈ। ਇਹ ਸਨਮਾਨ ਸਿੱਖਾਂ ਦੀ ਬ੍ਰਿਟਿਸ਼ ਫੌਜ ਦੀ ਬੇਜੋੜ ਤੇ ਵਧੀਆ ਸੇਵਾ ਲਈ ਦਿੱਤਾ ਗਿਆ ਹੈ। ਵੈਸਟ ਮਿਡਲੈਂਡਸ ਪੁਲਸ ਨਾਲ ਜੁੜੇ ਜੈ ਸਿੰਘ ਸੋਹਲ ਨੂੰ ਇਹ ਪੁਰਸਕਾਰ ਪਹਿਲੇ ਵਿਸ਼ਵ ਯੁੱਧ ਵਿੱਚ 1,20,000 ਸਿੱਖ ਫੌਜੀਆਂ ਦੇ ਯੋਗਦਾਨ ਦਾ ਪ੍ਰਚਾਰ ਕਰਨ ਲਈ ਦਿੱਤਾ ਜਾਏਗਾ।


ਜੈ ਸਿੰਘ ਸੋਹਲ

ਪ੍ਰਧਾਨ ਮੰਤਰੀ ਜਾਨਸਨ ਨੇ ਕਿਹਾ ਕਿ ਉਨ੍ਹਾਂ ਨੇ ਇਹ ਕੰਮ ਕਿਸੇ ਇਨਾਮ ਦੀ ਇੱਛਾ ਵਿੱਚ ਨਹੀਂ ਕੀਤਾ, ਇਸ ਦੇ ਬਾਵਜੂਦ ਇਸ ਯਤਨ ਲਈ ਸਨਮਾਨ ਦੇਣਾ ਮੈਂ ਜ਼ਰੂਰੀ ਸਮਝਦਾ ਹਾਂ। 1,20,000 ਫੌਜੀਆਂ ਦੀ ਯਾਦ ਵਿੱਚ ਯਾਦਗਾਰ ਬਣਾਏ ਜਾਣਾ, ਬ੍ਰਿਟੇਨ ਲਈ ਕੀਤੀ ਗਈ ਉਨ੍ਹਾਂ ਦੀ ਲੜਾਈ ਤੇ ਬਲੀਦਾਨ ਦਾ ਪ੍ਰਤੀਕ ਹੈ। ਇਹ ਉਨ੍ਹਾਂ ਦੇ ਬਲੀਦਾਨ ਦਾ ਨਤੀਜਾ ਹੈ ਕਿ ਅੱਜ ਆਜ਼ਾਦੀ ਦਾ ਆਨੰਦ ਲੈ ਰਹੇ ਹਾਂ। ਜਾਨਸਨ ਨੇ ਇਹ ਗੱਲਾਂ ਸੋਹਲ ਨੂੰ ਲਿਖੇ ਪੱਤਰ ਵਿੱਚ ਕਹੀਆਂ ਹਨ। ਹਰ ਸਾਲ ਸਤੰਬਰ ਵਿੱਚ ਸੋਹਲ ਬ੍ਰਿਟਿਸ਼ ਫੌਜ ਨਾਲ ਮਿਲ ਕੇ ਬ੍ਰਿਟਿਸ਼ ਸੁਰੱਖਿਆ ਫੋਰਸਾਂ ਵਿੱਚ ਸਿੱਖਾਂ ਦੇ ਯੋਗਦਾਨ ਦੀ ਯਾਦ ਵਿੱਚ ਸਾਰਾਗੜ੍ਹ ਦਿਵਸ ਮਨਾਉਂਦੇ ਹਨ। ਇਹ ਦਿਨ ਬ੍ਰਿਟਿਸ਼ ਇੰਡੀਆ ਰਾਜ ਵੇਲੇ ਸਾਰਾਗੜ੍ਹ ਵਿੱਚ ਹੋਈ ਜੰਗ ਦੇ ਲਈ ਮਨਾਇਆ ਜਾਂਦਾ ਹੈ। ਇਨ੍ਹਾਂ ਫੌਜੀਆਂ ਨੇ ਮੌਜੂਦਾ ਪਾਕਿ-ਸਤਾਨ-ਅਫਗਾਨਿਸਤਾਨ ਸੀਮਾ ਦੇ ਛੋਟੇ ਜਿਹੇ ਕਿਲੇ ਵਿੱਚ ਲੜਦੇ ਹੋਏ ਬਲੀਦਾਨ ਦਿੱਤਾ ਸੀ। ਸੋਹਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਸ ਬਹਾਦੁਰ ਕੌਮ ਦਾ ਹਿੱਸਾ ਹੋਣ 'ਤੇ ਮਾਣ ਹੈ।

## 2020 ਦੀਆਂ ਅਮਰੀਕੀ ਚੋਣਾਂ ਤੋਂ ਪਹਿਲਾਂ ਡਿਜੀਟਲ ਖਤਰੇ ਕਈ ਗੁਣਾ ਵਧੇ

ਵਾਸ਼ਿੰਗਟਨ, 24 ਸਤੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਅਗਲੇ ਸਾਲ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਡਿਜੀਟਲ ਖਤਰੇ ਕਈ ਗੁਣਾ ਵਧ ਗਏ ਹਨ ਅਤੇ ਇਹ ਕਈ ਤਰ੍ਹਾਂ ਦੇ ਹੋ ਸਕਦੇ ਹਨ। ਦੱਸਿਆ ਜਾਂਧਾ ਹੈ ਕਿ ਹੋ ਸਕਦਾ ਹੈ ਕਿ ਇਹ ਇਕ ਉਮੀਦਵਾਰ ਨੂੰ ਸ਼ਰਮਸਾਰ ਕਰਨ ਵਾਲਾ ਵੀਡੀਓ ਹੋਵੇ, ਜਾਂ ਰੈਨਸਮਵੇਅਰ ਨਾਲ ਕੰਪਿਊਟਰ ਵੋਟਿੰਗ ਸਿਸਟਮ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ, ਜਾਂ ਬਿਨਾ ਪੇਪਰ ਬੈਕਅਪ ਵਾਲੀ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨੂੰ ਪ੍ਰਭਾਵਤ ਕੀਤਾ ਜਾ ਸਕਦਾ ਹੈ। 'ਸਟੈਨਫੋਰਡ ਯੂਨੀਵਰਸਿਟੀ' ਦੀ 'ਸਾਈਬਰ ਪਾਲਿਸੀ ਸੈਂਟਰ' ਦੀ



ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ 2020 ਵਿੱਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ, ਚੋਣ ਸੁਰੱਖਿਆ ਦੇ ਮੱਦੇਨਜ਼ਰ ਡਿਜੀਟਲ ਖਤਰੇ ਵਧ ਰਹੇ ਹਨ, ਜਿਸ ਨਾਲ ਪ੍ਰਭਾਵਿਤ ਨਤੀਜੇ ਆਉਣ ਦੀ ਸ਼ੰਕਾ ਵੀ ਹੈ। ਫੇਸਬੁੱਕ ਅਤੇ ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮਾਂ 'ਤੇ ਵਿਆਪਕ ਗਲਤ ਪ੍ਰਚਾਰ ਮੁਹਿੰਮ ਦੇ ਖੁਲਾਸੇ ਪਿੱਛੋਂ ਚਿੰਤਾਵਾਂ ਕਾਫੀ ਵਧ ਗਈਆਂ ਹਨ, ਜੋ ਵੱਡੇ ਪੈਮਾਨੇ 'ਤੇ 2016 ਵਿੱਚ ਰੂਸੀ ਜਾਸੂਸਾਂ ਦੇ ਇਸ਼ਾਰੇ ਉੱਤੇ ਚਲਾਈਆਂ ਗਈਆਂ ਸਨ। ਵਿਸ਼ੇਸ਼ ਵਕੀਲ ਰਾਬਰਟ ਮੁਲਰ ਨੇ ਇਸ ਬਾਰੇ ਵਿਸਥਾਰ ਨਾਲ ਦੱਸਿਆ ਜਿਨ੍ਹਾਂ ਦੇ ਦਫਤਰ ਨੇ ਚੋਣਾਂ ਵਿੱਚ ਦਖਲ ਸੰਬੰਧੀ ਕਈ ਸਬੂਤ ਲੱਭੇ ਸਨ। ਵਾਸ਼ਿੰਗਟਨ ਦੇ 'ਸੈਂਟਰ ਫਾਰ ਡੈਮੋਕ੍ਰੇਸੀ ਐਂਡ ਟੈਕਨਾਲੋਜੀ' ਦੇ ਚੋਣ ਸੁਰੱਖਿਆ ਮਾਹਰ ਮੈਰਿਸ ਟਰਨਰ ਨੇ ਕਿਹਾ ਕਿ ਇਹ ਖਤਰੇ 2020 ਵਿੱਚ ਵੋਟਰਾਂ ਦੇ ਵਿਸ਼ਵਾਸ 'ਤੇ ਨਾਕਾਰਾਤਮਕ ਪ੍ਰਭਾਵ ਪਾ ਸਕਦੇ ਹਨ।

## ਸ਼ੁੱਕਰ ਗ੍ਰਹਿ ਉੱਤੇ ਦੋ-ਤਿੰਨ ਅਰਬ ਸਾਲ ਤੱਕ ਪਾਣੀ ਰਹੇਗਾ

ਵਾਸ਼ਿੰਗਟਨ, 24 ਸਤੰਬਰ (ਪੋਸਟ ਬਿਊਰੋ)- ਨਾਸਾ ਦੀ ਇੱਕ ਖੋਜ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸ਼ੁੱਕਰ ਗ੍ਰਹਿ ਉਤੇ ਦੋ-ਤਿੰਨ ਅਰਬ ਸਾਲ ਤੱਕ ਪਾਣੀ ਰਹੇਗਾ।

ਸੂਰਜ ਮੰਡਲ ਦੇ ਸਭ ਤੋਂ ਗਰਮ ਮੈਂਬਰ ਗ੍ਰਹਿ ਮਤਲਬ ਸ਼ੁੱਕਰ ਵਿੱਚ ਪਾਣੀ ਦੀ ਹੋਂਦ ਸੱਤਰ ਕਰੋੜ ਸਾਲ ਪਹਿਲਾਂ ਤੱਕ ਰਹੀ ਸੀ। ਇਸ ਦੇ ਪਿੱਛੋਂ ਸ਼ੁੱਕਰ ਵਿੱਚ ਨਾਟਕੀ ਤਬਦੀਲੀ ਸ਼ੁਰੂ ਹੋ ਗਈ। ਨਾਸਾ ਦੇ ਗੋਡਾਰਡ ਇੰਸਟੀਚਿਊਟ ਫਾਰ ਸਪੇਸ ਸਟੱਡੀਜ਼ (ਜੀ ਆਈ ਐੱਸ ਐੱਸ) ਦੇ ਖੋਜੀਆਂ ਨੇ ਸ਼ੁੱਕਰ ਗ੍ਰਹਿ ਵਿੱਚ ਤਰਲ ਜਲ ਦੇ ਅਨੁਕੂਲ ਸਥਿਰ ਜਲਵਾਯੂ ਦੀ ਸੰਭਾਵਨਾ ਨੂੰ ਦੇਖਦੇ ਹੋਏ ਪੰਜ ਵੱਖ-ਵੱਖ ਜਲ ਪੱਧਰ ਵਾਲੇ ਮਾਡਲ ਬਣਾਏ ਹਨ। ਉਨ੍ਹਾਂ ਨੇ ਦੇਖਿਆ ਕਿ ਸ਼ੁੱਕਰ ਵਿੱਚ ਲਗਭਗ ਤਿੰਨ ਅਰਬ ਸਾਲ ਤੱਕ ਵੱਧ ਤੋਂ ਵੱਧ ਲਗਭਗ ਪੰਜਾਹ ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ 50 ਡਿਗਰੀ ਸੈਲਸੀਅਸ ਤਾਪਮਾਨ ਵਿਚਾਲੇ ਸਥਿਰਤਾ ਬਣਾਈ ਰੱਖਣ ਦੀ ਸਮਰੱਥਾ ਸੀ। ਜੀ ਆਈ ਐੱਸ ਐੱਸ ਦੇ ਮਾਈਕਲ ਨੇ ਦੱਸਿਆ, ਸਾਡੀ ਕਲਪਨਾ ਹੈ ਕਿ ਸ਼ੁੱਕਰ ਵਿੱਚ ਅਰਬਾਂ ਸਾਲ ਪਹਿਲਾਂ ਤੱਕ ਸਥਿਰ ਜਲਵਾਯੂ ਰਹੀ ਹੋਵੇਗੀ। ਇਹ ਸੰਭਵ ਹੈ ਕਿ ਸੂਰਜ ਮੰਡਲ ਦੇ ਇਸ ਸਭ ਤੋਂ ਗਰਮ ਗ੍ਰਹਿ ਦੀ ਚੱਕਰੀ ਪ੍ਰਕਿਰਿਆ (ਗਲੋਬਲ ਸਫੇਸਿੰਗ ਈਵੈਂਟ) ਦੀ ਵਜ੍ਹਾ ਨਾਲ ਇਸ ਦੀ ਜਲਵਾਯੂ ਵਿੱਚ ਤਬਦੀਲੀ ਹੋਈ ਤੇ ਕਦੇ ਧਰਤੀ ਵਰਗੀ ਇਸ ਦੀ ਜਲਵਾਯੂ ਅੱਜ ਬੇਹੱਦ ਗਰਮ ਜਲਵਾਯੂ ਵਿੱਚ ਤਬਦੀਲੀ ਹੋ ਗਈ। ਸੂਰਜ ਮੰਡਲ ਵਿੱਚ ਸ਼ੁੱਕਰ ਸੂਰਜ ਤੋਂ ਦੂਸਰਾ ਸਭ ਤੋਂ ਨੇੜੇ ਦਾ ਗ੍ਰਹਿ ਹੈ। ਇਸ ਦਾ ਆਕਾਰ ਧਰਤੀ ਤੋਂ ਜ਼ਰਾ ਵੱਡਾ ਹੈ, ਪਰ ਇਸ ਦਾ ਭਾਰ ਧਰਤੀ ਦੇ ਭਾਰ ਦੇ ਬਰਾਬਰ ਹੈ। ਇਹ ਗ੍ਰਹਿ ਸੂਰਜ ਦਾ ਉਲਟਾ ਚੱਕਰ ਕੱਟਦਾ ਹੈ।

## ਪਾਕਿ ਵਿੱਚ ਹਿੰਦੂ ਕੁੜੀ ਦੀ ਮੌਤ ਦੀ ਜੁਡੀਸ਼ਲ ਜਾਂਚ ਤੋਂ ਜੱਜ ਦੀ ਨਾਂਹ

ਕਰਾਚੀ, 24 ਸਤੰਬਰ (ਪੋਸਟ ਬਿਊਰੋ)- ਪਾਕਿ ਦੀ ਇਕ ਸਥਾਨਕ ਅਦਾਲਤ ਦੇ ਜੱਜ ਨੇ ਸ਼ੱਕੀ ਹਾਲਾਤ 'ਚ ਮ੍ਰਿਤਕ ਮਿਲੀ ਹਿੰਦੂ ਵਿਦਿਆਰਥਣ ਨਮਰਤਾ ਚੰਦਾਨੀ ਕੇਸ ਦੀ ਜੁਡੀਸ਼ਲ ਜਾਂਚ ਤੋਂ ਨਾਂਹ ਕਰ ਦਿੱਤੀ ਹੈ। ਇਸ ਮਾਮਲੇ ਨੂੰ ਲੈ ਕੇ ਵਿਰੋਧ ਮੁਜ਼ਾਹਰਿਆ ਤੋਂ ਬਾਅਦ ਗ੍ਰਹਿ ਵਿਭਾਗ ਨੇ ਇਸ ਦੀ ਜੁਡੀਸ਼ਲ ਜਾਂਚ ਦਾ ਆਦੇਸ਼ ਦਿੱਤਾ ਸੀ।

ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਸਿੰਧ ਸੂਬੇ ਦੇ ਘੋਟਕੀ ਜ਼ਿਲ੍ਹੇ ਦੀ ਵਸਨੀਕ ਨਮਰਤਾ ਅਸਲ ਵਿੱਚ ਲਰਕਾਣਾ ਦੇ ਬੀਬੀ ਆਸਿਫਾ ਡੈਂਟਲ ਕਾਲਜ 'ਚ ਗ੍ਰੈਜੂਏਸ਼ਨ ਦੀ ਵਿਦਿਆਰਥਣ ਸੀ। ਉਸ ਦੀ ਲਾਸ਼ 16 ਦਸੰਬਰ ਨੂੰ ਹੋਸਟਲ ਦੇ ਕਮਰੇ 'ਚ ਲਟਕੀ ਮਿਲੀ ਸੀ। ਡਾਨ ਅਖਬਾਰ ਦੇ ਮੁਤਾਬਕ ਲਰਕਾਣਾ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਦੇ ਜੱਜ ਗ੍ਰਹਿ ਵਿਭਾਗ ਦੇ ਆਦੇਸ਼ ਦੇ ਬਾਵਜੂਦ ਨਮਰਤਾ ਮਾਮਲੇ ਦੀ ਜੁਡੀਸ਼ਲ ਜਾਂਚ ਦੇ ਖਿਲਾਫ ਸਨ। ਪੁਲਸ ਨੇ ਇਸ ਬਾਰੇ 'ਚ ਗ੍ਰਹਿ ਸਕੱਤਰ ਅਬਦੁਲ ਕਬੀਰ ਕਾਜ਼ੀ ਨੂੰ ਸੂਚਿਤ ਕਰ ਦਿੱਤਾ ਹੈ। ਗ੍ਰਹਿ ਸਕੱਤਰ ਇਸ ਸਮੇਂ ਵਿਦੇਸ਼ ਦੌਰੇ 'ਤੇ ਹਨ।



ਪੁਲਸ ਇਸ ਮਾਮਲੇ 'ਚ ਹਾਲੇ ਤੱਕ 32 ਲੋਕਾਂ ਨੂੰ ਹਿਰਾਸਤ 'ਚ ਲੈ ਚੁੱਕੀ ਹੈ। ਫੜੇ ਗਏ ਲੋਕਾਂ 'ਚ ਨਮਰਤਾ ਦੇ ਦੋ ਕਲਾਸ-ਮੇਟ ਮੇਹਰਾਨ ਅਬ੍ਰੋ ਅਤੇ ਅਲੀ ਮੇਮਨ ਵੀ ਹਨ। ਪੁਲਸ ਇਨ੍ਹਾਂ ਦੋਵਾਂ ਦੇ ਮੋਬਾਈਲ ਕਾਲ ਡਾਟਾ ਦੀ ਜਾਂਚ ਕਰ ਰਹੀਂ ਹੈ। ਪੁਲਸ ਦੀ ਪੁੱਛਗਿੱਛ 'ਚ ਮੇਹਰਾਨ ਨੇ ਦਾਅਵਾ ਕੀਤਾ ਸੀ ਕਿ ਨਮਰਤਾ ਉਸ ਨੂੰ ਪਿਆਰ ਕਰਦੀ ਸੀ, ਪਰ ਉਸ ਨੇ ਵਿਆਹ ਤੋਂ ਨਾਂਹ ਕਰ ਦਿੱਤੀ ਸੀ। ਪਿਛਲੇ ਹਫਤੇ ਆਈ ਨਮਰਤਾ ਦੀ ਪੋਸਟ ਮਾਰਟਮ ਰਿਪੋਰਟ 'ਤੇ ਕਰਾਚੀ ਸਿਹਤ ਵਿਭਾਗ ਦੇ ਮਾਹਿਰ ਸਵਾਲ ਉਠਾ ਚੁੱਕੇ ਹਨ। ਉਹ ਇਹ ਕਹਿ ਚੁੱਕੇ ਹਨ ਕਿ ਪੋਸਟ ਮਾਰਟਮ ਰਿਪੋਰਟ ਤੋਂ ਬੇਸ਼ੱਕ ਹੀ ਖੁਦਕੁਸ਼ੀ ਜਾਹਿਰ ਹੁੰਦੀ ਹੈ, ਪਰ ਗਲੇ 'ਤੇ ਪਏ ਨਿਸ਼ਾਨ ਗਲਾ ਘੁੱਟਣ ਵੱਲ ਇਸ਼ਾਰਾ ਕਰਦੇ ਹਨ।

## ਆਸਟਰੇਲੀਆ ਸਰਕਾਰ ਵੱਲੋਂ ਗਲੋਬਲ ਮਨੀ ਟਰਾਂਸਫਰ ਮੰਚ 'ਪੇ-ਪਾਲ' ਵਿਰੁੱਧ ਜਾਂਚ ਦੇ ਆਦੇਸ਼

ਸਿਡਨੀ, 24 ਸਤੰਬਰ (ਪੋਸਟ ਬਿਊਰੋ)- ਆਸਟਰੇਲੀਆ ਦੇ ਵਿੱਤੀ ਰੈਗੂਲੇਟਰੀ ਨੇ ਗਲੋਬਲ ਮਨੀ ਟਰਾਂਸਫਰ ਮੰਚ ਪੇ-ਪਾਲ ਵਿਰੁੱਧ ਜਾਂਚ ਦੇ ਆਦੇਸ਼ ਦਿੱਤੇ ਹਨ। ਸ਼ੱਕ ਕੀਤਾ ਜਾਂਦਾ ਹੈ ਕਿ ਯੌਨ ਅਪਰਾਧੀ ਇਸ ਦੀ ਵਰਤੋਂ ਏਸ਼ੀਆ ਤੋਂ ਬਾਲ ਸ਼ੋਸ਼ਣ ਦੀ ਸਮੱਗਰੀ ਖਰੀਦਣ ਵਾਸਤੇ ਕਰ ਰਹੇ ਹਨ। ਆਸਟਰੇਲੀਅਨ ਟ੍ਰਾਂਜੈਕਸ਼ਨ ਰਿਪੋਰਟਸ ਐਂਡ ਐਨਾਲਿਸਿਸ ਸੈਂਟਰ ਇਸ ਦੀ ਜਾਂਚ ਲਈ ਬਾਹਰੀ ਆਡੀਟਰ ਨਿਯੁਕਤ ਕਰੇਗਾ। ਸੈਂਟਰ ਪੇ-ਪਾਲ ਵੱਲੋਂ ਦੇਸ਼ ਦੇ ਮਨੀ ਲਾਂਡਰਿੰਗ ਤੇ ਅੱਤਵਾਦੀ ਵਿਰੋਧੀ ਵਿੱਤੀ ਕਾਨੂੰਨ ਦੇ ਕਥਿਤ ਤੌਰ ਉੱਤੇ ਤੋੜੇ ਜਾਣ ਦੇ ਦੋਸ਼ਾਂ ਕਾਰਨ ਚਿੰਤਤ ਹੈ।

ਇਸ ਸੰਬੰਧ ਵਿੱਚ ਆਸਟਰੇਲੀਅਨ ਟ੍ਰਾਂਜੈਕਸ਼ਨ ਰਿਪੋਰਟਸ ਐਂਡ ਐਨਾਲਿਸਿਸ ਸੈਂਟਰ ਨੇ ਮੰਗਲਵਾਰ ਬਿਆਨ ਦੇ ਕੇ ਕਿਹਾ ਹੈ ਕਿ ਉਹ ਵਿੱਤੀ ਸੇਵਾ ਖੇਤਰ ਤੋਂ ਮਿਲੀ ਫੰਡ ਟਰਾਂਸਫਰ ਸੂਚਨਾ ਰਿਪੋਰਟ ਉੱਤੇ ਬਾਲ ਯੌਨ ਸ਼ੋਸ਼ਣ ਦੇ ਗੰਭੀਰ ਅਪਰਾਧਾਂ ਨੂੰ ਰੋਕਣ ਲਈ ਆਪਣੇ ਹਿੱਸੇਦਾਰਾਂ ਨਾਲ ਮਿਲ ਕੇ ਕੰਮ ਕਰ




ਰਿਹਾ ਹੈ। ਆਸਟਰੇਲੀਅਨ ਟ੍ਰਾਂਜੈਕਸ਼ਨ ਰਿਪੋਰਟਸ ਐਂਡ ਐਨਾਲਿਸਿਸ ਸੈਂਟਰ ਦੇ ਮੁੱਖ ਕਾਰਜਕਾਰੀ ਅਧਿਕਾਰੀ ਨਿਕੋਲ ਰੋਸ ਨੇ ਏਜੰਸੀ ਨੂੰ ਕਿਹਾ, 'ਆਨਲਾਈਨ ਬਾਲ ਸ਼ੋਸ਼ਣ ਸਮੱਗਰੀ ਨੂੰ ਆਸਟਰੇਲੀਆ ਤੋਂ ਕਿਸੇ ਖੇਤਰ ਵਿਚ, ਮਿਸਾਲ ਵਜੋਂ ਫਿਲੀਪੀਨਜ਼ ਵਿਚ ਬੜੀ ਘੱਟ ਮੁੱਲ ਵਿਚ ਮੰਗਾਇਆ ਜਾ ਸਕਦਾ ਹੈ। ਅਜਿਹਾ ਲਗਾਤਾਰ ਹੋ ਰਿਹਾ ਹੈ ਅਤੇ ਬਦਕਿਸਮਤੀ ਨਾਲ ਪੇ-ਪਾਲ ਅਜਿਹਾ ਇਕ ਮੰਚ ਹੈ ਜਿਸ ਦੀ ਵਰਤੋਂ ਉਹ ਇਸ ਕੰਮ ਲਈ ਕਰ ਸਕਦੇ ਹਨ।' ਉਨ੍ਹਾਂ ਕਿਹਾ ਕਿ ਇਸ ਲਈ ਅਸੀਂ ਚਾਹੁੰਦੇ ਹਾਂ ਕਿ ਆਡੀਟਰ ਇਸ ਬਾਰੇ ਜਾਂਚ ਕਰਨ ਕਿ ਪੇ-ਪਾਲ ਨਾਲ ਕਿਸ ਤਰ੍ਹਾਂ ਦੇ ਖਤਰੇ ਰਹੇ ਸਨ ਅਤੇ ਇਸ ਵਕਤ ਮੌਜੂਦ ਹਨ। ਪੇ-ਪਾਲ ਦੇ ਆਸਟਰੇਲੀਆਈ ਬੁਲਾਰੇ ਨੇ ਕਿਹਾ ਕਿ ਅੰਦਰੂਨੀ ਸਮੀਖਿਆ ਪਿੱਛੋਂ ਕੰਪਨੀ ਨੇ ਆਪਣੇ ਰਿਪੋਰਟਿੰਗ ਸਿਸਟਮ ਵਿਚ ਕਿਸੇ ਤਰ੍ਹਾਂ ਦਾ ਮਾਮਲਾ ਹੋਣ ਬਾਰੇ ਆਸਟਰੇਲੀਅਨ ਟ੍ਰਾਂਜੈਕਸ਼ਨ ਰਿਪੋਰਟਸ ਐਂਡ ਐਨਾਲਿਸਿਸ ਸੈਂਟਰ ਨੂੰ ਖੁਦ ਦੱਸਿਆ ਹੈ।

## ਜਿਨਪਿੰਗ ਦੇ ਅਸਤੀਫੇ ਦੀ ਮੰਗ ਕਰਨ ਵਾਲੇ ਦੀ ਜੇਲ੍ਹ 'ਚ ਮੌਤ

ਬੀਜਿੰਗ , 24 ਸਤੰਬਰ (ਪੋਸਟ ਬਿਊਰੋ)- ਚੀਨੀ ਰਾਸ਼ਟਰਪਤੀ ਜਿਨਪਿੰਗ ਦੇ ਅਸਤੀਫੇ ਦੀ ਮੰਗ ਕਰਨ ਵਾਲੇ ਸਮਾਜਕ ਵਰਕਰ ਵਾਂਗ ਮੇਯੂ ਦੀ ਜੇਲ੍ਹ 'ਚ ਮੌਤ ਹੋ ਗਈ ਹੈ। ਵਾਂਗ ਨੂੰ ਵਿਰੋਧ ਪ੍ਰਦਰਸ਼ਨ ਦੌਰਾਨ ਹਿਰਾਸਤ 'ਚ ਲੈ ਲਿਆ ਗਿਆ ਸੀ। ਉਨ੍ਹਾਂ ਦੇ ਭਰਾ ਵਾਂਗ ਮੇਲਿਨ ਨੇ ਇਹ ਜਾਣਕਾਰੀ ਦਿੱਤੀ ਹੈ।

ਮੇਲਿਨ ਨੇ ਕਿਹਾ ਕਿ ਬੀਤੇ ਦਿਨੀਂ ਪ੍ਰਸ਼ਾਸਨ ਨੇ ਮੈਨੂੰ ਮੇਯੂ ਨੂੰ ਹਸਪਤਾਲ 'ਚ ਭਰਤੀ ਕਰਵਾਏ ਜਾਣ ਦੀ ਜਾਣਕਾਰੀ ਦਿੱਤੀ ਸੀ। ਕੱਲ੍ਹ ਉਨ੍ਹਾਂ ਦੀ ਮੌਤ ਦੀ ਖਬਰ ਮਿਲੀ ਹੈ। ਪਰਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਾ ਮੇਯੂ ਦੀ ਮੌਤ ਦਾ ਕਾਰਨ ਪਤਾ ਹੈ ਅਤੇ ਨਾ ਇਸ ਗੱਲ ਦੀ ਜਾਣਕਾਰੀ ਹੈ ਕਿ ਉਨ੍ਹਾਂ ਦੀ ਮੌਤ ਕਦੋਂ ਹੋਈ ਸੀ। ਬੀਤੀ ਅੱਠ ਜੁਲਾਈ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਮੇਯੂ ਆਪਣੇ ਸ਼ਹਿਰ ਹੇਂਗਯਾਂਗ ਦੀ ਜੇਲ੍ਹ 'ਚ ਕੈਦ ਸਨ। ਉਨ੍ਹਾਂ ਨੇ ਪਿਛਲੇ ਸਾਲ ਜੁਲਾਈ 'ਚ ਹੇਂਗਯਾਂਗ ਤੇ ਚਾਂਗਸ਼ਾ ਸ਼ਹਿਰ 'ਚ ਇਕੱਲੇ ਮੁਜ਼ਾਹਰਾ ਕੀਤਾ ਸੀ। ਉਹ



ਬੈਨਰ ਲੈ ਕੇ ਘੁੰਮ ਰਹੇ ਸਨ, ਜਿਸ 'ਚ ਲਿਖਿਆ ਸੀ ਰਾਸ਼ਟਰਪਤੀ ਜਿਨਪਿੰਗ ਤੇ ਪ੍ਰਧਾਨ ਮੰਤਰੀ ਲੀ ਕੱਛਯਾਂਗ ਅਸਤੀਫਾ ਦੇਣ ਤੇ ਆਮ ਚੋਣਾਂ ਹੋਣ ਦੇਣ। ਗ੍ਰਿਫਤਾਰੀ ਤੋਂ ਪਹਿਲਾਂ ਸੁਰੱਖਿਆ ਅਧਿਕਾਰੀਆਂ ਨੇ ਉਨ੍ਹਾਂ ਨੂੰ ਧਮਕੀ ਵੀ ਦਿੱਤੀ ਸੀ। ਉਹ ਜਿਨਪਿੰਗ ਦੇ ਸਾਰੀ ਉਮਰ ਰਾਸ਼ਟਰਪਤੀ ਰਹਿਣ ਦੀ ਸੰਵਿਧਾਨਿਕ ਸੋਧ ਦਾ ਵਿਰੋਧ ਕਰਦੇ ਸਨ।

## ਗੇਮ ਆਫ ਥ੍ਰੋਨਸ ਨੂੰ ਆਊਟ ਸਟੈਂਡਿੰਗ ਡਰਾਮਾ ਸੀਰੀਜ਼ ਸਨਮਾਨ ਮਿਲਿਆ

ਲਾਸ ਏਂਜਲਸ, 24 ਸਤੰਬਰ (ਪੋਸਟ ਬਿਊਰੋ)- 'ਗੇਮ ਆਫ ਥ੍ਰੋਨਸ' (ਜੀ ਓ ਟੀ) ਨੂੰ ਉਸ ਦੇ 8ਵੇਂ ਅਤੇ ਆਖਰੀ ਸੀਜ਼ਨ ਲਈ 71ਵੇਂ ਪ੍ਰਾਈਮ ਟਾਈਮ ਐਮੀ 2019 ਵਿੱਚ ਆਊਟ ਸਟੈਂਡਿੰਗ ਡਰਾਮਾ ਸੀਰੀਜ਼ ਇਨਾਮ ਦਿੱਤਾ ਗਿਆ। ਜੀ ਓ ਟੀ ਦੇ ਨਿਰਮ-ਾਤਾ ਡੇਵਿਡ ਬੇਨੀਆਫ ਤੇ ਸਹਾਇਕ ਨਿਰਮਾਤਾ ਡੈਨਬੀਜ਼ ਨੇ ਇਨਾਮ ਲੈਂਦੇ ਹੋਏ ਕਿਹਾ, ਪਿਛਲੇ 10 ਸਾਲ ਸਾਡੇ ਜੀਵਨ ਦੇ ਸਭ ਤੋਂ ਚੰਗੇ ਸਾਲ ਰਹੇ ਹਨ, ਮੈਨੂੰ ਭਰੋਸਾ ਨਹੀਂ ਹੁੰਦਾ ਕਿ ਅਸੀਂ ਇਹ ਸਭ ਕੀਤਾ, ਸਾਨੂੰ ਫਿਰ ਅਜਿਹਾ ਕੁਝ ਦੇਖਣ ਦਾ ਮੌਕਾ ਨਹੀਂ ਮਿਲੇਗਾ।




ਇਸ ਤੋਂ ਇਲਾਵਾ ਪੀਟਰ ਡਿੰਕਲੇਜ਼ ਨੂੰ ਸੀਰੀਜ਼ ਲਈ ਰਿਕਾਰਡ ਚੌਥੀ ਵਾਰ ਸਭ ਤੋਂ ਉਤਮ ਸਹਾਇਕ ਅਭਿਨੇਤਾ ਦਾ ਐਵਾਰਡ ਮਿਲਿਆ। ਉਥੇ ਸਮਲਿੰਗੀ ਅਤੇ ਕਾਲੇ ਅਭਿਨੇਤਾ ਬਿਲੀ ਪੋਰਟਰ ਨੇ 'ਪੋਜ਼' ਵਿੱਚ ਆਪਣੀ ਦਮਦਾਰ ਭੂਮਿਕਾ ਲਈ ਬੈਸਟ ਐਕਟਰ ਇੰਨ ਡਰਾਮਾ ਐਵਾਰਡ ਜਿੱਤਿਆ ਹੈ। 51 ਸਾਲ ਦੀ ਅਭਿਨੇਤਰੀ ਪੈਟ੍ਰਿਸ਼ੀਆ ਅਕਵੇਰਟ ਨੇ ਵੈੱਬ ਸੀਰੀਜ਼ 'ਦਿ ਐਕਟ' ਵਿੱਚ ਆਪਣੇ ਪ੍ਰਦਰਸ਼ਨ ਲਈ ਉਤਮ ਸਹਾਇਕ ਅਭਿਨੇਤਰੀ ਦਾ ਪੁਰਸਕਾਰ ਜਿੱਤਿਆ ਅਤੇ ਐਮੀ ਐਵਾਰਡਜ਼ ਵਿੱਚ ਲੇਖਿਕਾ-ਅਭਿਨੇਤਰੀ ਵਾਲਰ ਬ੍ਰਿਜ ਨੇ ਡਾਰਕ ਕਾਮੇਡੀ ਸੀਰੀਜ਼ 'ਫਲੀਬੈਗ' ਲਈ ਕਾਮੇਡੀ ਸੀਰੀਜ਼ ਦੀ ਉਤਮ ਅਭਿਨੇਤਰੀ ਦਾ ਪੁਰਸਕਾਰ ਜਿੱਤਿਆ। ਵੈੱਬ ਸੀਰੀਜ਼ 'ਵੈਨ ਦੇ ਸੀ ਅੱਸ' ਲਈ ਪਹਿਲੇ ਅਫਰੀਕੀ ਮੂਲ ਦੇ ਲੈਟਿਨ ਅਮਰੀਕੀ 21 ਸਾਲਾ ਅਭਿਨੇਤਾ ਜੇਰਲ ਝੇਰੇਮ ਐਮੀ ਐਵਾਰਡ ਵਿੱਚ 'ਲਿਮਟਿਡ ਸੀਰੀਜ਼ ਐਕਟਿੰਗ ਕੈਟਾਗਰੀ' ਐਵਾਰਡ ਜਿੱਤਣ ਵਾਲੇ ਸਭ ਤੋਂ ਨੌਜਵਾਨ ਅਭਿਨੇਤਾ ਬਣੇ।

## ਬਰਤਾਨਵੀ ਸੈਰ ਸਪਾਟਾ ਫਰਮ 'ਥੌਮਸ ਕੁੱਕ' ਬੰਦ ਹੋਈ




ਲੰਡਨ, 24 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਟ੍ਰੈਵਲ ਗਰੁੱਪ 'ਥੌਮਸ ਕੁੱਕ' ਦਾ ਦੀਵਾਲਾ ਨਿਕਲ ਗਿਆ ਹੈ। 178 ਸਾਲ ਪੁਰਾਣੇ ਇਸ ਸੈਰ ਸਪਾਟਾ ਅਪਰੇਟਰ ਨੂੰ ਬਚਾਉਣ ਦੀ ਆਖਰੀ ਕੋਸ਼ਿਸ਼ ਨਾਕਾਮ ਰਹੀ ਹੈ।

ਇਸ ਗਰੁੱਪ ਨੂੰ ਟੁੱਟਣ ਤੋਂ ਬਚਾਉਣ ਦੇ ਲਈ 200 ਮਿਲੀਅਨ ਪੌਂਡ (250 ਮਿਲੀਅਨ ਅਮਰੀਕੀ ਡਾਲਰ) ਦੇ ਪ੍ਰਾਈਵੇਟ ਨਿਵੇਸ਼ ਦੀ ਲੋੜ ਸੀ, ਜਿਹੜਾ ਜੁਟਾਇਆ ਨਹੀਂ ਜਾ ਸਕਿਆ। ਟਰੈਵਲ ਗਰੁੱਪ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਕਾਫੀ ਯਤਨਾਂ ਦੇ ਬਾਵਜੂਦ ਵੀ ਕੰਪਨੀ 'ਚ ਹਿੱਤਧਾਰਕਾਂ ਤੇ ਪੈਸੇ ਦੇਣ ਵਾਲੇ ਨਵੇਂ ਨਿਵੇਸ਼ਕਾਂ ਵਿਚਾਲੇ ਸਮਝੌਤਾ ਨਹੀਂ ਹੋ ਸਕਿਆ। ਕੰਪਨੀ ਦੇ ਬੋਰਡ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਹੋਰ ਚਾਰਾ ਨਹੀਂ ਬਚਿਆ ਸੀ। ਥੌਮਸ ਕੁੱਕ ਦੇ ਸੀ ਈ ਓ ਪੀਟਰ ਫੈਂਕਹੌਜ਼ਰ ਨੇ ਇਸ ਨੂੰ 'ਬੇਹੱਦ ਮਾਯੂਸੀ ਭਰਿਆ' ਦਿਨ ਕਰਾਰ ਦਿੱਤਾ ਹੈ। ਕੰਪਨੀ ਨੂੰ ਉਧਾਰ ਦੇਣ ਵਾਲਿਆਂ ਨੇ ਬੀਤੇ ਦਿਨੀਂ ਲੰਮੀ ਮੀਟਿੰਗ ਕੀਤੀ ਜੋ ਕਿਸੇ ਕੰਢੇ ਨਹੀਂ ਲੱਗ ਸਕੀ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN HANKOOK Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
Chevron Delo
Special OIL CHANGE Rates
7 ਦਿਨ ਖੁੱਲ੍ਹਾ
1715 Sismet Rd, Mississauga | Call Ranjit: 416.624.8351 | Tel: 905.625.0055

## ਸੁਖਬੀਰ ਸਿੰਘ ਬਾਦਲ ਦੀ ਗੱਡੀ ਉੱਤੇ ਹਮਲੇ ਬਾਰੇ 6 ਜਣਿਆਂ ਦੇ ਖਿਲਾਫ ਦੋਸ਼ ਆਇਦ



ਸੰਗਰੂਰ, 24 ਸਤੰਬਰ (ਪੋਸਟ ਬਿਊਰੋ)- ਇਕ ਸਾਲ ਪਹਿਲਾਂ ਸੰਗਰੂਰ ਵਿਖੇ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਗੱਡੀ 'ਤੇ ਹਮਲਾ ਕਰਨ ਦੇ ਕੇਸ ਵਿੱਚ ਸਥਾਨਕ ਸਿਵਲ ਜੱਜ ਅਮਰੀਸ ਕੁਮਾਰ ਜੈਨ ਦੀ ਅਦਾਲਤ ਨੇ ਛੇ ਸਿੱਖ ਕਾਰਕੁੰਨਾਂ ਖਿਲਾਫ ਦੋਸ਼ ਆਇਦ ਕੀਤੇ ਹਨ।

ਮੁੱਦਈ ਪੱਖ ਦੇ ਵਕੀਲ ਸੁਖਵੀਰ ਸਿੰਘ ਪੂਨੀਆਂ ਦੇ ਮੁਤਾਬਕ ਥਾਣਾ ਸਦਰ ਸੰਗਰੂਰ ਵਿਖੇ 4 ਅਕਤੂਬਰ 2018 ਨੂੰ ਵਿਨਜੀਤ ਸਿੰਘ ਗੋਲਡੀ ਵਾਸੀ ਖਡਿਆਲ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 4 ਅਕਤੂਬਰ ਨੂੰ ਸੁਖਬੀਰ ਸਿੰਘ ਬਾਦਲ ਨੇ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ ਇਕ ਬੈਠਕ ਨੂੰ ਸੰਬੋਧਨ ਕਰਨਾ ਸੀ। ਬਰਨਾਲਾ ਤੋਂ ਆਪਣੀ ਗੱਡੀ ਰਾਹੀਂ ਉਹ ਗੁਰਦੁਆਰਾ ਨਾਨਕਿਆਣਾ ਸਾਹਿਬ ਜਾ ਰਹੇ ਸਨ ਅਤੇ ਸ਼ਿਕਾਇਤ ਕਰਤਾ ਉਨ੍ਹਾਂ ਨਾਲ ਸੀਟ ਉੱਤੇ ਬੈਠਾ ਸੀ। ਜਦੋਂ ਗੱਡੀਆਂ ਦਾ ਕਾਫਲਾ ਨਾਨਕਿਆਣਾ ਸਾਹਿਬ ਚੌਕ ਤੋਂ ਥੋੜ੍ਹਾ ਅੱਗੇ ਗਿਆ ਤਾਂ ਬਚਿੱਤਰ ਸਿੰਘ, ਅਮਰਜੀਤ ਸਿੰਘ ਕਣਕਵਾਲ ਭੰਗੂਆਂ ਅਤੇ ਹੋਰ 35 ਦੇ ਕਰੀਬ ਵਿਅਕਤੀਆਂ ਨੇ ਕਾਫਲੇ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਤੇ ਸੁਖਬੀਰ ਸਿੰਘ ਦੀ ਗੱਡੀ ਉੱਤੇ ਹਮਲਾ ਕਰ ਦਿੱਤਾ। ਪੁਲਸ ਨੇ ਅਮਰਜੀਤ ਸਿੰਘ ਵਾਸੀ ਕਣਕਵਾਲ ਭੰਗੂਆਂ ਨੂੰ ਕੇਸ 'ਚੋਂ ਕੱਢ ਕੇ ਬਚਿੱਤਰ ਸਿੰਘ ਸੰਗਰੂਰ, ਦਵਿੰਦਰ ਸਿੰਘ ਮੰਗਲਵਾਲ, ਸੁਖਵਿੰਦਰ ਸਿੰਘ ਵਾਸੀ ਮੰਗਲਵਾਲ, ਮਨਜੀਤ ਸਿੰਘ ਸਾਰੋਂ, ਗੁਰਜੀਤ ਸਿੰਘ ਦੁੱਗਾਂ ਅਤੇ ਗੁਰਜੰਟ ਸਿੰਘ ਬਾਲੀਆਂ ਖਿਲਾਫ ਅਦਾਲਤ 'ਚ ਚਲਾਨ ਪੇਸ਼ ਕੀਤਾ ਸੀ। ਅਦਾਲਤ ਨੇ ਇਨ੍ਹਾਂ ਛੇ ਜਣਿਆਂ ਦੇ ਖਿਲਾਫ ਦੋਸ਼ ਆਇਦ ਕਰ ਕੇ ਅਮਰਜੀਤ ਸਿੰਘ ਵਾਸੀ ਕਣਕਵਾਲ ਭੰਗੂਆਂ ਨੂੰ ਸੰਮਨ ਜਾਰੀ ਕਰਦਿਆਂ 20 ਨਵੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ।

## ਜ਼ਿੰਦਗੀ ਖਰਾਬ ਕਰਨ ਵਾਲੇ ਵਿਰੁੱਧ ਪੁਲਸ ਕਾਰਵਾਈ ਨਹੀਂ ਕਰ ਰਹੀ: ਮਨਪ੍ਰੀਤ

ਜਲੰਧਰ, 24 ਸਤੰਬਰ (ਪੋਸਟ ਬਿਊਰੋ)- ਮਨਪ੍ਰੀਤ ਕੌਰ ਪੁੱਤਰ ਉਂਕਾਰ ਸਿੰਘ ਪਿੰਡ ਰਾਜਪੁਰ ਗੜ੍ਹੀ, ਹੁਸ਼ਿਆਰਪੁਰ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਅਸਟਰੇਲੀਆ ਵਿੱਚ ਪੱਕਾ ਹੋਣ ਦੇ ਲਾਲਚ ਵਿੱਚ ਰਾਹੁਲ ਪੁੱਤਰ ਰੂਪ ਲਾਲ ਵਾਸੀ ਲੁਧਿਆਣਾ ਨੇ ਉਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਮਨਪ੍ਰੀਤ ਕੌਰ ਨੇ ਦੱਸਿਆ ਸਾਲ 2011 'ਚ ਰਾਹੁਲ ਉਸ ਦੇ ਸੰਪਰਕ 'ਚ ਆਇਆ ਅਤੇ ਉਨ੍ਹਾਂ ਨੇ ਸਾਲ 2013 'ਚ ਵਿਆਹ ਕਰਵਾ ਲਿਆ। 28 ਜੂਨ 2013 ਨੂੰ ਉਹ ਵਾਪਸ ਆਸਟਰੇਲੀਆ ਚਲੀ ਗਈ, ਜਿਥੇ ਪਹੁੰਚਦੇ ਸਾਰ ਰਾਹੁਲ ਨੇ ਉਸ ਨਾਲ ਕੁੱਟਮਾਰ ਕੀਤੀ। ਰਾਹੁਲ ਉਸ ਨੂੰ ਮਜਬੂਰ ਕਰਦਾ ਸੀ ਕਿ ਉਹ ਆਪਣੇ ਪਿਤਾ ਤੋਂ ਜਾਇਦਾਦ ਦਾ ਹਿੱਸਾ ਮੰਗੇ। ਉਹ ਪੁਲਸ ਕੋਲ ਗਈ ਤਾਂ ਪੁਲਸ ਨੇ ਦੋਵਾਂ ਨੂੰ ਵੱਖੋ-ਵੱਖ ਰਹਿਣ ਲਈ ਕਿਹਾ। ਮਨਪ੍ਰੀਤ ਕੌਰ ਦਾ ਕਹਿਣਾ ਹੈ ਕਿ ਰਾਹੁਲ ਨੇ ਉਸ ਕੋਲੋਂ ਗਹਿਣੇ, ਸੋਨੇ ਦੇ ਬਿਸਕੁਟ ਤੇ ਨਕਦੀ ਆਦਿ ਲੈ ਲਈ, ਜਿਸ ਕਰਕੇ ਉਹ ਵਾਪਸ ਭਾਰਤ ਆ ਗਈ ਅਤੇ ਰਾਹੁਲ ਵੀ ਵਾਪਸ ਆ ਗਿਆ ਅਤੇ ਉਸ ਨੇ ਆਪਣਾ ਨਾਂਅ ਬਦਲ ਕੇ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾ ਲਿਆ। ਜਦੋਂ ਉਸ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਦੱਸਿਆ ਕਿ ਰਾਹੁਲ ਦੇ ਕੋਲ ਆਸਟਰੇਲੀਆ ਵਿੱਚ ਇਕ ਤਰਫਾ ਤਲਾਕ ਲੈਣ ਦੇ ਦਸਤਾਵੇਜ਼ ਹਨ। ਮਨਪ੍ਰੀਤ ਕੌਰ ਨੇ ਦੱਸਿਆ ਕਿ ਉਸ ਨੇ ਇਹ ਕੇਸ ਅਦਾਲਤ ਦੇ ਧਿਆਨ 'ਚ ਲਿਆਂਦਾ ਤਾਂ ਅਦਾਲਤ ਨੇ ਪੁਲਸ ਨੂੰ ਹਦਾਇਤ ਕੀਤੀ ਕਿ ਰਾਹੁਲ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਮਨਪ੍ਰੀਤ ਕੌਰ ਨੇ ਦੋਸ਼ ਲਾਇਆ ਕਿ ਉਸ ਵਲੋਂ ਕਈ ਸਾਲ ਪੁਲਸ ਅਫਸਰਾਂ ਦੇ ਚੱਕਰ ਲਾਉਣ ਪਿੱਛੋਂ ਵੀ ਕਾਰਵਾਈ ਨਹੀਂ ਕੀਤੀ ਗਈ। ਇਸ ਸਬੰਧੀ ਡੀ ਐਸ ਪੀ ਮੁਕੇਰੀਆਂ ਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਤਫਤੀਸ਼ ਕੀਤੀ ਜਾ ਰਹੀ ਹੈ, ਜਿਸ ਬਾਰੇ ਮਨਪ੍ਰੀਤ ਕੌਰ ਨੇ ਆਰ ਟੀ ਆਈ ਜ਼ਰੀਏ ਵੀ ਜਾਣਕਾਰੀ ਲਈ ਹੈ।

## ਡਾਇਰੈਕਟਰ ਨੂੰ ਚਿੱਠੀ ਲਿਖੀ; ਵਧਾਈ ਹੋਵੇ ਤੁਹਾਡਾ ਪੱਕਾ ਮਕਾਨ ਬਣ ਗਿਆ

*** ਅਸਲ ਵਿੱਚ ਪਹਿਲੀ ਕਿਸ਼ਤ ਦੂਰ, ਪਹਿਲਾ ਵੀ ਢਾਹ ਦਿੱਤਾ**

ਰੋਪੜ, 24 ਸਤੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਗਰੀਬਾਂ ਤੇ ਲੋੜਵੰਦਾਂ ਲਈ ਪ੍ਰਧਾਨ ਮੰਤਰੀ ਆਵਾਸ਼ ਯੋਜਨਾ ਸ਼ੁਰੂ ਕੀਤੀ ਹੈ ਤਾਂ ਕਿ ਹਰ ਕਿਸੇ ਨੂੰ ਆਪਣਾ ਘਰ ਮਿਲ ਸਕੇ, ਪਰ ਰੋਪੜ ਵਿੱਚ ਸਰਕਾਰੀ ਅਧਿਕਾਰੀਆਂ ਨੇ ਇੱਕ ਗਰੀਬ ਦਾ ਕੱਚਾ ਮਕਾਨ ਇਹ ਕਹਿ ਕੇ ਢਾਹ ਦਿੱਤਾ ਕਿ ਤੁਹਾਡਾ ਮਕਾਨ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੇਠ ਨਵਾਂ ਬਣਨਾ ਹੈ ਤੇ ਉਹੀ ਅਧਿਕਾਰੀ ਉਸ ਜਗ੍ਹਾ ਦੀ ਰਜਿਸਟਰੀ ਨਾ ਹੋਣ ਦਾ ਹਵਾਲਾ ਦੇ ਕੇ ਉਸ ਨੂੰ ਦਫਤਰਾਂ ਦੇ ਚੱਕਰ ਲਵਾ ਰਹੇ ਹਨ। ਜਦੋਂ ਅਧਿਕਾਰੀਆਂ ਨੇ ਉਸ ਦਾ ਮਕਾਨ ਢਾਹਿਆ ਸੀ ਤਾਂ ਏਦਾਂ ਦੀ ਕੋਈ ਸ਼ਰਤ ਨਹੀਂ ਦੱਸੀ ਗਈ ਸੀ।

ਪਿਛਲੇ ਤਿੰਨ ਸਾਲਾਂ ਤੋਂ ਯੋਜਨਾ ਦਾ ਲਾਭ ਪ੍ਰਾਪਤ ਕਰਨ ਲਈ ਨਗਰ ਕੌਂਸਲ ਦੇ ਚੱਕਰ ਕੱਟਣ ਵਾਲੇ ਰੋਪੜ ਸ਼ਹਿਰ ਦੀ ਸਦਾਬ੍ਰਤ ਵਾਸੀ ਬਗੋਰੀ ਰਾਮ ਨੂੰ ਇਸ ਯੋਜਨਾ ਦੇ ਪੈਸੇ ਨਹੀਂ ਮਿਲੇ, ਪਰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਮਿਸ਼ਨ ਡਾਇਰੈਕਟਰ ਵੱਲੋਂ ਪੱਤਰ 'ਤੇ ਵਧਾਈ ਸੰਦੇਸ਼ ਮਿਲ ਗਿਆ ਹੈ ਕਿ ਤੁਹਾਨੂੰ ਮਕਾਨ ਬਣਨ ਦੀ ਬਹੁਤ-ਬਹੁਤ ਵਧਾਈ ਹੋਵੇ। ਯੋਜਨਾ ਦੇ ਸਾਰੇ ਦਸਤਾਵੇਜ਼ ਪੂਰੇ ਕਰਨ ਦੇ ਬਾਵਜੂਦ ਕੋਈ ਪੈਸਾ ਨਹੀਂ ਮਿਲਿਆ, ਪਰ ਨਗਰ ਕੌਂਸਲ ਅਧਿਕਾਰੀਆਂ ਦੇ ਕਹਿਣ ਦੇ ਬਾਅਦ ਉਸ ਨੇ ਆਪਣਾ ਕੱਚਾ ਮਕਾਨ ਢਾਹ ਦਿੱਤਾ ਤੇ ਪੱਕਾ ਮਕਾਨ ਬਣਾਉਣ ਦੇ ਲਈ ਇਧਰ-ਉਧਰੋਂ ਮੰਗ ਕੇ ਨੀਂਹ ਭਰਨ ਦੀ ਸ਼ਰਤ ਵੀ ਪੂਰੀ ਕਰ ਦਿੱਤੀ ਸੀ ਏ ਇਸ 'ਤੇ ਸਵਾ ਲੱਖ ਰੁਪਏ ਖਰਚ ਦਿੱਤੇ। ਯੋਜਨਾ ਦੇ ਮਿਲਣ ਵਾਲੇ ਡੇਢ ਲੱਖ ਰੁਪਏ ਵਿੱਚੋਂ ਕੋਈ ਕਿਸ਼ਤ ਜਾਰੀ ਨਹੀਂ ਹੋਈ।

## ਨੌਜਵਾਨ ਦਾ ਗੁਪਤ ਅੰਗ ਕੱਟਣ ਵਾਲੇ ਦੋ ਕਿੰਨਰ ਦੋਸ਼ੀ ਕਰਾਰ



ਮੋਹਾਲੀ, 24 ਸਤੰਬਰ (ਪੋਸਟ ਬਿਊਰੋ)- ਥਾਣਾ ਸਿਟੀ ਖਰੜ ਵਿੱਚ ਦਰਜ ਇੱਕ ਨੌਜਵਾਨ ਦਾ ਗੁਪਤ ਅੰਗ ਕੱਟਣ ਵਾਲੇ ਦੋ ਕਿੰਨਰਾਂ ਨੂੰ ਅਦਾਲਤ ਨੇ ਇਸ ਜੁਰਮ ਦਾ ਦੋਸ਼ੀ ਕਰਾਰ ਦਿੱਤਾ ਹੈ।

ਮੋਹਾਲੀ ਦੇ ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਸੰਜੇ ਅਗਨੀਹੋਤਰੀ ਦੀ ਅਦਾਲਤ ਨੇ ਸਰਕਾਰੀ ਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਦੇ ਬਾਅਦ ਦੋਸ਼ੀ ਜੀਤ ਰਾਣੀ ਮਹੰਤ (ਕਿੰਨਰ) ਨੂੰ ਤਿੰਨ ਸਾਲ ਕੈਦ 15 ਹਜ਼ਾਰ ਰੁਪਏ ਜੁਰਮਾਨਾ ਤੇ ਪੂਜਾ ਰਾਣੀ ਮਹੰਤ (ਕਿੰਨਰ) ਨੂੰ ਚਾਰ ਸਾਲ ਕੈਦ 15 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਜੀਤ ਰਾਣੀ ਕਿੰਨਰ ਨੂੰ ਜੁਰਮਾਨੇ ਦੀ ਰਕਮ ਅਦਾ ਕਰਨ ਦੇ ਬਾਅਦ ਜ਼ਮਾਨਤ ਮਿਲ ਗਈ, ਪਰ ਪੂਜਾ ਰਾਣੀ ਕਿੰਨਰ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਰਾਜੇਸ਼ ਦਾ ਕਹਿਣਾ ਹੈ ਕਿ ਉਹ ਕੰਮ ਦੀ ਤਲਾਸ਼ ਵਿੱਚ ਖਰੜ ਆਇਆ ਤੇ ਲੇਬਰ ਚੌਕ ਸਥਿਤ ਖੜ੍ਹਾ ਸੀ ਕਿ ਉਸ ਦੀ ਮੁਲਾਕਾਤ ਜੀਤ ਰਾਣੀ ਮਹੰਤ ਨਾਲ ਹੋ ਗਈ। ਜੀਤ ਰਾਣੀ ਉਸ ਨੂੰ ਆਪਣੇ ਘਰ ਕੰਮ ਕਰਨ ਦੇ ਲਈ ਕਹਿ ਕੇ ਨਾਲ ਲੈ ਗਈ। ਕਈ ਮਹੀਨੇ ਆਪਣੇ ਕੋਲ ਰੱਖਣ ਪਿੱਛੋਂ ਜੀਤ ਰਾਣੀ ਨੇ ਉਸ ਨੂੰ ਜੋਤੀ ਮਹੰਤ ਕੋਲ ਕੰਮ ਕਰਨ ਲਈ ਭੇਜ ਦਿੱਤਾ। ਜੋਤੀ ਮਹੰਤ ਕੋਲ ਉਸ ਨੇ ਨੌਂ ਸਾਲ ਕੰਮ ਕੀਤਾ। ਜੂਨ 2009 ਨੂੰ ਜੀਤ ਰਾਣੀ ਅਤੇ ਪੂਜਾ ਅਚਾਨਕ ਜੋਤੀ ਮਹੰਤ ਦੇ ਘਰ ਆਈਆਂ ਤਾਂ ਜੋਤੀ ਮਹੰਤ ਘਰ ਨਹੀਂ ਸੀ। ਉਸ ਨੇ ਜਦ ਦੋਵਾਂ ਦੇ ਪੈਰਾਂ ਨੂੰ ਹੱਥ ਲਾਇਆ ਤਾਂ ਦੋਵਾਂ ਨੇ ਉਸ ਨੂੰ ਕੋਈ ਚੀਜ਼ ਸੁੰਘਾ ਦਿੱਤੀ ਅਤੇ ਉਹ ਬੇਹੋਸ਼ ਹੋ ਗਿਆ। ਜਦ ਉਸ ਨੂੰ ਹੋਸ਼ ਆਇਆ ਤਾਂ ਉਹ ਪੂਜਾ ਮਹੰਤ, ਜੋ ਸਿਆਲਵਾ ਮਾਜਰੀ ਵਿੱਚ ਰਹਿੰਦਾ ਸੀ, ਦੇ ਘਰ ਸੀ। ਉਸ ਨੇ ਜਦ ਹੋਸ਼ ਸੰਭਾਲੀ ਤਾਂ ਉਸ ਦਾ ਗੁਪਤ ਅੰਗ ਕੱਟਿਆ ਹੋਇਆ ਸੀ। ਉਸ ਨੇ ਪੂਜਾ ਨੂੰ ਇਸ ਬਾਰੇ ਪੁੱਛਿਆ ਤਾਂ ਪੂਜਾ ਤੇ ਜੀਤ ਰਾਣੀ ਨੇ ਉਸ ਨੂੰ ਧਮਕਾਇਆ ਵੀ ਸੀ।




## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 I 204-510-1423

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 I +91-98142-02918 (Whatsapp)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, ਉਮਰ 35 ਸਾਲ, ਕੱਦ 5'-4'', ਡੈਂਟਲ ਅਸਿਸਟੈਂਟ ਡਿਪਲੋਮਾ ਤੇ ਨੈਨੀ ਕੋਰਸ, ਵਿਜ਼ੀਟਰ ਵਿਜ਼ੇ ਤੇ ਆਈ ਲੜਕੀ ਲਈ PR ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 780-236-5046

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਹ, ਉਮਰ 36 ਸਾਲ, 5'-7'', Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 I

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। Send Bio Data through Whatsapp at: +91 97802-16716 ਜਾਂ ਕਾਲ ਕਰੋ: 647-766-7137

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129
Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਜੋਹਲ ਲੜਕੀ, 1987 ਭੋਰਨ, ਕੱਦ 5'-7''ਕੈਨੇਡਾ ਵਿੱਚ P.R ,B.sc Nursing, ਤੇ ਕੈਨੇਡਾ ਵਿੱਚ ਰਜਿਸਟਰਡ ਨਰਸ, Divorcee ਲੜਕੀ ਲਈ P.R ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 306-480-1229 I 416-436-3787

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

Honesty, Reliability, Commitment
SELL FOR MORE BUY FOR LESS
- 1 yr Home Warranty
Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# 'ਏਅਰਪੋਰਟ ਰੱਨਵੇਅ ਰੱਨ' ਵਿਚ ਢਾਈ ਹਜ਼ਾਰ ਦੇ ਕਰੀਬ ਦੌੜਾਕਾਂ ਨੇ ਲਿਆ ਹਿੱਸਾ








ਮਿਸੀਸਾਗਾ, (ਡਾ. ਝੰਡ) -ਲੰਘੇ ਸ਼ਨੀਵਾਰ 21 ਸਤੰਬਰ ਨੂੰ ਪੀਅਰਸਨ ਟੋਰਾਂਟੋ ਏਅਰਪੋਰਟ ਦੇ ਰੱਨਵੇਅ ਨੰਬਰ 1 ਉੱਪਰ ਹੋਈ 'ਏਅਰਪੋਰਟ ਰੱਨਵੇਅ ਰੱਨ' ਵਿਚ 2500 ਦੇ ਲੱਗਭੱਗ ਲੋਕਾਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ ਦੋ ਹਜ਼ਾਰ ਦੇ ਲੱਗਭੱਗ 5 ਕਿਲੋਮੀਟਰ ਦੌੜਨ ਤੇ ਪੈਦਲ ਵੱਾਕ ਕਰਨ ਵਾਲੇ ਸਨ ਅਤੇ ਬਾਕੀ 2 ਕਿਲੋਮੀਟਰ ਵਾਲੇ ਸਨ ਜਿਨ੍ਹਾਂ ਵਿਚ ਕਈ ਛੋਟੇ ਬੱਚੇ ਵੀ ਸ਼ਾਮਲ ਸਨ। ਕਈ ਮਾਪੇ ਤਾਂ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਸਟਰੌਲੀਆਂ ਵਿਚ ਪਾਈ 2 ਕਿਲੋਮੀਟਰ ਵਾਲੀ ਰੱਨ-ਕਮ-ਵੱਾਕ ਲਈ ਚੱਲ ਰਹੇ ਸਨ।

ਪ੍ਰਬੰਧਕਾਂ ਵੱਲੋਂ ਪਹਿਲਾਂ ਤੋਂ ਨਿਰਧਾਰਤ ਪ੍ਰੋਗਰਾਮ ਅਨੁਸਾਰ ਸਾਰੇ ਦੌੜਾਕ ਤੇ ਵੱਾਕਰ ਨਿਸਚਿਤ ਜਗ੍ਹਾ 3045 ਇਲੈੱਕਟਰਾ ਕੋਰਟ, ਮਿਸੀਸਾਗਾ ਵਿਖੇ ਪਹੁੰਚ ਕੇ ਵਿਸ਼ਾਲ ਸ਼ੈੱਡ-ਨੁਮਾ ਹਾਲ ਵਿਚ ਅੱਠ ਵਜੇ ਇਕੱਤਰ ਹੋਣੇ ਸ਼ੁਰੂ ਗਏ ਜਿੱਥੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੇ ਲਈ ਚਾਹ-ਪਾਣੀ ਤੇ ਕਾਫ਼ੀ ਦਾ ਵਧੀਆ ਇੰਤਜ਼ਾਮ ਕੀਤਾ ਗਿਆ ਸੀ। 'ਏਅਰ ਕੈਨੇਡਾ' ਅਤੇ ਅਤੇ ਹੋਰ ਕਈਆਂ ਨੇ ਲੋਕਾਂ ਨੂੰ ਆਪਣੀ ਇਨਫ਼ਰਮੇਸ਼ਨ ਦੇਣ ਲਈ ਆਪੋ ਆਪਣੇ ਸਟਾਲ ਲਗਾਏ ਹੋਏ ਸਨ। ਨਾਲ ਹੀ ਉਹ ਇਸ ਰੱਨ ਵਿਚ ਭਾਗ ਲੈਣ ਵਾਲਿਆਂ ਨੂੰ ਧੱਪ ਵਾਲੀਆਂ ਐਨਕਾਂ (ਗੌਗਲਜ਼) ਤੇ ਕਈ ਹੋਰ ਤੋਹਫ਼ੇ ਦੇ ਰਹੇ ਸਨ।

ਸਾਢੇ ਕੁ ਅੱਠ ਵਜੇ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਲੋੜੀਂਦੀਆਂ ਹਦਾਇਤਾਂ ਦਿੱਤੀਆਂ ਗਈਆਂ ਅਤੇ ਨਾਲ ਹੀ ਉਨ੍ਹਾਂ ਨੂੰ ਇਸ ਦੌੜ ਲਈ ਵਾਰਮ-ਅੱਪ ਕਰਨ ਲਈ 15 ਕੁ ਮਿੰਟ ਹਲਕੀਆਂ ਵਰਜਿਸ਼ਾਂ ਕਰਵਾਈਆਂ ਗਈਆਂ। ਪੌਣੇ ਨੌਂ ਵਜੇ 5 ਕਿਲੋਮੀਟਰ ਦੌੜਨ ਤੇ ਵਾਕ ਕਰਨ ਵਾਲਿਆਂ ਲਈ ਹਾਲ ਵਿੱਚੋਂ ਬਾਹਰ ਜਾਣ ਲਈ ਗੇਟ ਖੋਲ੍ਹ ਦਿੱਤਾ ਗਿਆ ਅਤੇ ਉਹ ਹੌਲੀ-ਹੌਲੀ ਪੈਦਲ ਮਾਰਚ ਕਰਦੇ ਹੋਏ ਸਟਾਰਟ-ਲਾਈਨ ਵੱਲ ਵੱਧਣ ਲੱਗੇ ਜਿੱਥੇ ਉਨ੍ਹਾਂ ਦੇ ਦੌੜ ਸ਼ੁਰੂ ਹੋਣ ਦਾ ਸਮਾਂ ਸਵੈ-ਚਾਲਕ ਯੰਤਰਾਂ ਨਾਲ ਸ਼ੁਰੂ ਹੋਣਾ ਸੀ। ਕਈ ਦੌੜਦੇ ਅਤੇ ਕਈ ਆਪਣੀ ਚਾਰੇ ਪੈਦਲ ਤੁਰਦੇ ਹੋਏ ਆਪਸ ਵਿਚ ਗੱਲਾਂ-ਬਾਤਾਂ ਕਰਦੇ ਰੱਨਵੇਅ ਨੰਬਰ 1 'ਤੇ ਜਾ ਰਹੇ ਸਨ ਅਤੇ ਨਾਲ਼ ਦੀ ਨਾਲ਼ ਦੂਸਰੇ ਰੱਨਵੇਅ ਉੱਪਰ ਹੇਠਾਂ ਉੱਤਰਦੇ ਜਹਾਜ਼ਾਂ ਦੇ ਖ਼ੂਬਸੂਰਤ ਦ੍ਰਿਸ਼ ਵੀ ਮਾਣ ਰਹੇ ਸਨ। ਇਹ ਇਕ ਤਰ੍ਹਾਂ 'ਟੂ-ਇਨ-ਵੱਨ' ਵਾਲਾ ਨਜ਼ਾਰਾ ਸੀ ਜਿਸ ਨੂੰ ਬਾਖ਼ੂਬੀ ਮਾਣਿਆਂ ਜਾ ਰਿਹਾ ਸੀ। ਥਾਂ-ਥਾਂ 'ਤੇ ਤਾਇਨਾਤ ਵਾਲੰਟੀਅਰ ਦੌੜਾਕਾਂ ਤੇ ਵੱਾਕਰਾਂ ਦਾ ਇਸ ਈਵੈਂਟ ਵਿਚ ਭਾਗ ਲੈਣ 'ਤੇ ਉਨ੍ਹਾਂ ਦਾ ਭਰਵਾਂ ਸੁਆਗ਼ਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ 'ਬਕ-ਅੱਪ' ਕਰ ਰਹੇ ਸਨ।

ਢਾਈ ਕਿਲੋਮੀਟਰ ਦੀ ਦੂਰੀ 'ਤੇ ਇਨ੍ਹਾਂ ਸਾਰਿਆਂ ਨੇ 'ਯੂ-ਟਰਨ' ਲੈਣੀ ਸੀ ਜਿੱਥੇ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਉੱਥੇ ਤਾਇਨਾਤ ਕੀਤੇ ਹੋਏ ਵਾਲੰਟੀਅਰ ਹੱਥਾਂ ਵਿਚ ਪਾਣੀ ਦੀਆਂ ਬੋਤਲਾਂ ਫੜ੍ਹੀ ਦੌੜਾਕਾਂ ਤੇ ਵੱਾਕਰਾਂ ਨੂੰ ਫੜਾ ਰਹੇ ਸਨ। ਵਾਪਸੀ 'ਤੇ 'ਫਿਨਿਸ਼-ਪੁਆਇੰਟ' ਉੱਪਰ ਪਹੁੰਚਣ 'ਤੇ ਵਾਲੰਟੀਅਰਾਂ ਵੱਲੋਂ ਸਾਰੇ ਪਾਰਟੀਸੀਪੈਂਟਾਂ ਦੇ ਗਲ਼ਾਂ ਵਿਚ ਮੈਡਲ ਪਾ ਕੇ ਉਨ੍ਹਾਂ ਦਾ ਸੁਆਗ਼ਤ ਕੀਤਾ ਜਾ ਰਿਹਾ ਸੀ। ਏਅਰ ਕੈਨੇਡਾ ਕੰਪਨੀ ਵੱਲੋਂ ਇੱਥੇ ਇਸ ਰੱਨਵੇਅ ਉੱਪਰ ਆਪਣਾ ਇਕ ਜਹਾਜ਼ ਖੜਾ ਕੀਤਾ ਗਿਆ ਸੀ ਜਿਸ ਦੇ ਅੱਗੇ ਖਲੋ ਕੇ ਦੌੜਾਕ ਤੇ ਵੱਾਕਰ ਗਰੁੱਪਾਂ ਵਿਚ ਅਤੇ ਇਕੱਲੇ-ਇਕੱਲੇ ਆਪਣੀਆਂ ਤਸਵੀਰਾਂ ਖਿਚਵਾ ਰਹੇ ਸਨ। ਥੋੜ੍ਹੀ ਜਿਹੀ ਦੂਰੀ 'ਤੇ 'ਫੈਡੈੱਕਸ' ਕੰਪਨੀ ਵਾਲਿਆਂ ਦਾ ਵੀ ਇਕ ਜਹਾਜ਼ ਖੜਾ ਸੀ ਜਿਸ ਦੇ ਸਾਹਮਣੇ ਅਤੇ ਕਈ ਉਸ ਦੇ ਵਿਚ ਬੈਠ ਕੇ ਆਪਣੀਆਂ ਤਸਵੀਰਾਂ ਖਿਚਵਾ ਰਹੇ ਸਨ। ਵੱਡੇ ਹਾਲ ਵਿਚ ਵਾਪਸ ਪਹੁੰਚਣ 'ਤੇ ਸਾਰਿਆਂ ਨੂੰ ਫ਼ਰੂਟ ਦੀ ਰਿਫ਼ਰੈੱਸ਼ਮੈਂਟ ਦਿੱਤੀ ਜਾ ਰਹੀ ਸੀ। ਸਾਰੇ ਹੀ ਬੜੇ ਖ਼ੁਸ਼ ਨਜ਼ਰ ਆ ਰਹੇ ਸਨ। ਦਰਅਸਲ, ਇਹੋ ਜਿਹੇ ਕਮਿਊਨਿਟੀ ਈਵੈਂਟ ਕੈਨੇਡਾ ਵਿਚ ਵਿਚਰ ਰਹੀਆਂ ਵੱਖ-ਵੱਖ ਕਮਿਊਨਿਟੀਆਂ ਵਿਚਕਾਰ ਆਪਸੀ ਤਾਲ-ਮੇਲ ਕਾਇਮ ਕਰਨ ਵਿਚ ਕਾਫ਼ੀ ਸਹਾਈ ਹੁੰਦੇ ਹਨ ਅਤੇ ਇੱਥੇ ਇਸ ਈਵੈਂਟ ਵਿਚ ਤਾਂ ਲੱਗਭੱਗ ਹਰੇਕ ਕਮਿਊਨਿਟੀ ਦੇ ਲੋਕ ਵਿਖਾਈ ਦੇ ਰਹੇ ਸਨ।

## ਟੀ.ਪੀ.ਏ.ਆਰ. ਕਲੱਬ ਦੇ 85 ਮੈਂਬਰ ਇਸ ਵਿਚ ਸ਼ਾਮਲ ਹੋਏ

ਇਸ ਦੌਰਾਨ ਬਰੈਂਪਟਨ ਦੀ ਇਨ੍ਹੀਂ ਦਿਨੀਂ ਚਰਚਿਤ ਟੀ.ਪੀ.ਏ.ਆਰ. ਕਲੱਬ ਦੇ 85 ਮੈਂਬਰਾਂ ਨੇ ਕਲੱਬ ਦੀਆਂ ਪੀਲੇ ਰੰਗ ਦੀਆਂ ਟੀ-ਸ਼ਰਟਾਂ ਤੇ ਸ਼ਰਦੱਈ ਦਸਤਾਰਾਂ ਪਹਿਨ ਕੇ ਇਸ ਈਵੈਂਟ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆਂ। ਇਨ੍ਹਾਂ ਵਿਚ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ 93-ਸਾਲਾ ਵਤਨ ਸਿੰਘ ਗਿੱਲ, 76 ਸਾਲਾ ਈਸ਼ਰ ਸਿੰਘ ਚਾਹਲ, 73 ਸਾਲਾ ਬਲਕਾਰ ਸਿੰਘ ਖਾਲਸਾ, ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ, ਜੀ.ਟੀ.ਅੱਮ. ਦੇ ਬਲਜਿੰਦਰ ਸਿੰਘ ਲੇਲਣਾ ਤੇ ਜਸਪਾਲ ਸਿੰਘ ਗਰੇਵਾਲ, ਡਾ. ਜੈਪਾਲ ਸਿੱਧੂ, ਹਰਭਜਲ ਸਿੰਘ ਗਿੱਲ ਤੇ ਹੋਰਨਾਂ ਸਮੇਤ ਕਲੱਬ ਦੇ ਸੱਭ ਤੋਂ ਛੋਟੇ ਮੈਂਬਰ 6 ਸਾਲਾ ਈਥਨ ਗਰੇਵਾਲ ਅਤੇ ਉਸ ਤੋਂ ਵੱਡੇ 11 ਸਾਲਾ ਤਜਿੰਦਰਪਾਲ ਸਿੰਘ ਸ਼ਾਮਲ ਸਨ। ਕਲੱਬ ਦੇ ਲਈ ਇਹ ਹੋਰ ਵੀ ਮਾਣ ਵਾਲੀ ਗੱਲ ਸੀ ਕਿ ਇਸ ਵਾਰ ਇਸ ਦੀਆਂ 15 ਲੇਡੀ ਮੈਂਬਰਾਂ ਨੇ ਇਸ ਈਵੈਂਟ ਵਿਚ ਭਾਗ ਲਿਆ, ਜਦਕਿ ਇਸ ਤੋਂ ਪਹਿਲਾਂ ਇਨ੍ਹਾਂ ਦੀ ਗਿਣਤੀ ਮਸਾਂ 3-4 ਹੀ ਹੁੰਦੀ ਸੀ। ਇਸ ਰੱਨਵੇਅ ਰੱਨ ਵਿਚ ਬੇਸ਼ਕ ਕਲੱਬ ਦੇ ਬਹੁਤ ਸਾਰੇ ਦੌੜਾਕ ਸ਼ੁਗਲੀਆਂ ਤੌਰ 'ਤੇ ਹੀ ਸ਼ਾਮਲ ਹੋਏ ਪਰ ਫਿਰ ਵੀ ਇਸ ਦੌਰਾਨ ਕਈ ਮੈਂਬਰਾਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿੱਚੋਂ ਸੋਢੀ ਕਿੰਗ 21 ਮਿੰਟ 43 ਸਕਿੰਟ, ਕਾਇਲ ਬਿਨਲੇ 23 ਮਿੰਟ 1 ਸਕਿੰਟ, ਕੁਲਦੀਪ ਗਰੇਵਾਲ 25 ਮਿੰਟ 35 ਸਕਿੰਟ, ਰੈਮੀ ਪੁਨੀਆ 26 ਮਿੰਟ 37 ਸਕਿੰਟ ਦੇ ਸਮੇਂ ਨਾਲ ਵਧੀਆ ਸਥਾਨ ਪ੍ਰਾਪਤ ਕੀਤੇ। ਕਲੱਬ ਦੀ ਲੇਡੀ ਮੈਂਬਰ ਪ੍ਰਦੀਪ ਪਾਸੀ ਨੇ ਇਹ ਦੌੜ 27 ਮਿੰਟ 41 ਸਕਿੰਟ ਵਿਚ ਲਗਾਈ।

ਸ਼ਾਮ ਨੂੰ ਜੀ.ਟੀ.ਐੱਮ. ਦੇ ਭਾਈਵਾਲ ਸੁਭਾਸ਼ ਸ਼ਰਮਾ ਵੱਲੋਂ ਆਪਣੇ ਘਰ ਦੇ ਖੁੱਲ੍ਹੇ ਬੈਕਯਾਰਡ ਵਿਚ ਕਲੱਬ ਦੇ ਮੈਂਬਰਾਂ ਨੂੰ ਸ਼ਾਨਦਾਰ ਡਿਨਰ ਪਾਰਟੀ ਕੀਤੀ ਗਈ ਜਿਸ ਦਾ ਉੱਥੇ ਪਹੁੰਚਣ ਵਾਲਿਆਂ ਨੇ ਭਰਪੂਰ ਅਨੰਦ ਲਿਆ। ਇਸ ਮੌਕੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ '9 ਆਟੋ ਸੇਲਜ਼' ਦੇ ਕਰਤਾ-ਧਰਤਾ ਹਰਜੀਤ ਪੰਨੂੰ ਅਤੇ 'ਅਰਬਨ ਸਟੋਰ' ਦੇ ਮਾਲਕ ਤਜਿੰਦਰ ਦੇਵਗਨ ਵੱਲੋਂ ਕਲੱਬ ਦੀ 500-500 ਡਾਲਰਾਂ ਨਾਲ ਹੌਸਲਾ-ਅਫ਼ਜ਼ਾਈ ਕੀਤੀ ਗਈ ਹੈ। ਕਲੱਬ ਇਸ ਦੇ ਲਈ ਉਨ੍ਹਾਂ ਦਾ ਧੰਨਵਾਦ ਕਰਦੀ ਹੈ।

HOUSE FOR RENT ਰੈਂਟ $2,400
ਵਧੀਆ ਤੇ ਸ਼ਾਨਦਾਰ ਸੈਮੀ ਡਿਟੈਚਡ ਘਰ
3 Bedroom + Office
2 Car parking + Garage
William Pkwy & Chinguacousy, Brampton
647-765-8644 | nsrespect@gmail.com

ਫੈਨਸਾਂ ਜਾਂ ਘਰਾਂ ਦਾ ਰੰਗ ਕਰਨ ਲਈ,
8 ਸਾਲਾਂ ਦਾ ਤਜ਼ਰਬਾ, ਵਾਜਿਬ ਰੇਟ ਤੇ ਸਮੇ ਸਿਰ ਕੰਮ
647 202 7902 ਜਾਂ 647 794 6514
ਰੇਟ: $14/ਘੰਟਾ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
• Biweekly payment
• Homely Environment
• ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਰੈੱਡ ਵਿੱਲੋ ਕਲੱਬ ਨੇ ਟੋਰਾਂਟੋ ਜ਼ੂਅ ਦਾ ਟੂਰ ਲਾਇਆ



(ਹਰਜੀਤ ਬੇਦੀ): ਬਰੈਂਪਟਨ ਦੀ ਬਹੁਤ ਹੀ ਸਰਗਰਮ ਸੀਨੀਅਰਜ਼ ਕਲੱਬ ਰੈਡ ਵਿੱਲੋ ਦੇ ਮੈਂਬਰਾਂ ਵਲੋਂ ਪਿਛਲੇ ਦਿਨੀ ਟੋਰਾਂਟੋ ਜ਼ੂ ( ਚਿੜੀਆ ਘਰ ) ਦਾ ਟਰਿੱਪ ਲਾਇਆ ਗਿਆ। ਇਹ ਟੂਰ ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਪਰਧਾਨ ਗੁਰਨਾਮ ਸਿੰਘ ਗਿੱਲ ਦੀ ਰਹਿਨੁਮਾਈ ਵਿੱਚ ਲਾਇਆ ਗਿਆ। ਇਸ ਦੀ ਸਫਲਤਾ ਲਈ ਅਮਰਜੀਤ ਸਿੰਘ , ਜੋਗਿੰਦਰ ਪੱਡਾ, ਮਾਸਟਰ ਕੁਲਵੰਤ , ਸ਼ਿਵਦੇਵ ਰਾਏ, ਬਲਵੰਤ ਕਲੇਰ ਅਤੇ ਹੋਰਨਾਂ ਨੇ ਵਿਸ਼ੇਸ਼ ਯੋਗਦਾਨ ਪਾਇਆ। ਲੇਡੀ ਮੈਂਬਰਾਂ, ਮਹਿੰਦਰ ਪੱਡਾ, ਨਿਰਮਲਾ ਪਰਾਸ਼ਰ,, ਬਲਜੀਤ ਸੇਖੋਂ, ਇੰਦਰਜੀਤ ਗਿੱਲ ਅਤੇ ਹੋਰਨਾਂ ਨੇ ਔਰਤ ਮੈਂਬਰਾਂ ਦੀ ਅਗਵਾਈ ਕੀਤੀ।

ਟਰਿੱਪ ਤੇ ਜਾਣ ਲਈ ਮੈਂਬਰ ਸੁਬਾ 8 ਵਜੇ ਰੈਡ ਵਿੱਲੋ ਪਾਰਕ ਵਿੱਚ ਇਕੱਠੇ ਹੋ ਗਏ ਤੇ ਉੱਥੋ ਤਿੰਨ ਬੱਸਾਂ ਵਿੱਚ ਸਵਾਰ ਹੋ ਕੇ 150 ਦੇ ਕਰੀਬ ਮੈਂਬਰਾਂ ਨੇ ਟੋਰਾਂਟੋ ਜ਼ੂ ਵੱਲ ਚਾਲੇ ਪਾ ਦਿੱਤੇ। ਕਰੀਬ ਇੱਕ ਘੰਟੇ ਦੇ ਸਫਰ ਮਗਰੋਂ ਕੁਦਰਤ ਦੀ ਗੋਦੀ ਵਿੱਚ ਬਣੇ ਵਿਸ਼ਾਲ ਚਿੜੀਆ ਘਰ ਵਿੱਚ ਪਹੁੰਚ ਗਏ। ਇੱਥੇ ਪਹੁੰਚ ਕੇ ਸਭ ਨੇ ਮਿਲ-ਜੁਲ ਕੇ ਹਲਕਾ ਨਾਸ਼ਤਾ ਕੀਤਾ ਤੇ ਕੌਫੀ ਦਾ ਆਨੰਦ ਮਾਣਿਆ ਅਤੇ ਟਰਾਮਨੁਮਾ ਗੱਡੀ ਜ਼ੂ-ਮੋਬਾਈਲ ਵਿੱਚ ਬੈਠ ਕੇ ਕੁਦਰਤ ਦੇ ਸੁਹੱਪਣ ਨੂੰ ਨਿਹਾਰਦੇ ਅਤੇ ਵੱਖ ਵੱਖ ਕਿਸਮ ਦੇ ਜੀਵ ਜੰਤੂਆਂ ਨੂੰ ਦੇਖਦੇ ਹੋਏ ਅੱਗੇ ਵਧੇ। ਪਹਿਲੇ ਪੜਾਅ ਤੇ ਜਾ ਕੇ ਉੱਤਰੀ ਅਮਰੀਕਾ ਮਹਾਂਦੀਪ ਦੇ ਜੀਵਾਂ ਨੂੰ ਨੇੜੇ ਹੋ ਕੇ ਤੱਕਿਆ। ਇਸ ਤੋਂ ਅੱਗੇ ਅਫਰੀਕਨ ਅਤੇ ਹੋਰ ਮਹਾਂਦੀਪਾਂ ਨੇ ਅਨੇਕ ਕਿਸਮ ਦੇ ਜੀਵ ਦੇਖਣ ਲਈ ਉਪਲਬਧ ਸਨ। ਕਈ ਕਿਸਮ ਦੇ ਜੀਵਾਂ ਨੂੰ ਖੁੱਲ੍ਹੇ ਵਿਚਰਦਿਆਂ ਦੇਖਣ ਦਾ ਆਨੰਦ ਹੀ ਵੱਖਰਾ ਸੀ। ਭਾਵੇਂ ਵਡੇਰੀ ਉਮਰ ਦੇ ਹੋਣ ਕਾਰਣ ਸੀਨੀਅਰਜ਼ ਨੂੰ ਥਕਾਵਟ ਮਹਿਸੂਸ ਹੋ ਰਹੀ ਸੀ ਪਰ ਨਵੇਂ ਨਵੇਂ ਜੀਵਾਂ ਨੂੰ ਨੇੜਿਓਂ ਤੱਕਣ ਦਾ ਉਤਸਾਹ ਉਹਨਾਂ ਨੂੰ ਟਿਕਣ ਨਹੀਂ ਸੀ ਦਿੰਦਾ।

ਜਿਸ ਤਰ੍ਹਾਂ ਕਨੇਡਾ ਵਿੱਚ ਦੁਨੀਆਂ ਦੇ ਅਨੇਕ ਮੁਲਕਾਂ ਦੇ ਮਨੁੱਖ ਵਸਦੇ ਹਨ ਉਸੇ ਤਰ੍ਹਾਂ ਜ਼ੂ ਦੇ ਪਰਬੰਧਕਾਂ ਵਲੋਂ ਬਹੁਤ ਸਾਰੇ ਮੁਲਕਾਂ ਦੇ ਜੀਵ ਅਤੇ ਪੰਛੀ ਇੱਥੇ ਰੱਖੇ ਗਏ ਹਨ। ਬੱਬਰ ਸ਼ੇਰ, ਵੱਡ ਆਕਾਰੀ ਗੈਂਡੇ, ਹਾਥੀ, ਲੰਬੀ ਧੌਣ ਵਾਲੇ ਜ਼ਿਰਾਫ, ਚਿਤਰਮਿਤਰੇ ਜੈਬਰੇ, ਬਹੁਤ ਹੀ ਖੂਬਸੂਰਤ ਅਨੇਕ ਕਿਸਮ ਦੇ ਰੰਗ ਬਿਰੰਗੇ ਪੰਛੀ ਦਰਸ਼ਕਾਂ ਦੇ ਦੇਖਣ ਲਈ ਮੌਜੂਦ ਹਨ। ਕਲੱਬ ਦੇ ਮੈਂਬਰ ਵਾਪਸੀ ਦੇ ਸਮੇਂ ਗੇਟ ਤੇ ਇਕੱਠੇ ਹੋ ਗਏ ਤੇ ਉਥੋਂ ਘਰਾਂ ਲਈ ਚਾਲੇ ਪਾ ਦਿੱਤੇ ਤੇ ਰਾਸਤੇ ਵਿੱਚ ਹਸਦੇ ਖੇਡਦੇ ਆਪਣੇ ਆਹਲਣਿਆਂ ਨੂੰ ਪਰਤ ਆਏ।

ਕਲੱਬ ਵਲੋਂ ਇੰਡੀਆ ਜਾ ਰਹੇ ਮੈਂਬਰਾਂ ਨੂੰ ਵਿਦਾਇਗੀ ਪਾਰਟੀ ਅਕਤੂਬਰ ਦੇ ਪਹਿਲੇ ਹਫਤੇ ਕੀਤੀ ਜਾਵੇਗੀ। ਕਲੱਬ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ 416-908-1300, ਜਨਰਲ ਸਕੱਤਰ ਕੁਲਵੰਤ ਸਿੰਘ 647-202-7696, ਉੱਪ-ਪਰਧਾਨ ਅਮਰਜੀਤ ਸਿੰਘ 416-268-6821,ਪਰਮਜੀਤ ਬੜਿੰਗ 647-963-0331, ਜੋਗਿੰਦਰ ਸਿੰਘ ਪੱਡਾ 416-219-2542 ਜਾਂ ਸ਼ਿਵਦੇਵ ਸਿੰਘ ਰਾਏ 647-643-6396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨਕਲੀ ਵਿਭਾਗੀ ਫੋਨ ਕਾਲਾਂ ਕਰਕੇ ਲੱਖਾਂ ਡਾਲਰ ਡਕਾਰਨ ਵਾਲੇ 13 ਕਾਬੂ, 3 ਹੋਰਾਂ ਦੀ ਭਾਲ



ਆਕਲੈਂਡ, 24 ਸਤੰਬਰ (ਹਰਜਿੰਦਰ ਸਿੰਘ ਬਸਿਆਲਾ): ਵਿਦੇਸ਼ਾਂ ਦੇ ਵਿਚ ਭਾਰਤੀਆਂ ਦਾ ਇਕ ਵਰਗ ਜਿੱਥੇ ਆਪਣੇ ਭਾਈਚਾਰੇ ਦਾ ਨਾਂਅ ਅਤੇ ਆਚਰਣ ਉਚਾ ਚੁੱਕਣ ਉਤੇ ਲੱਗਾ ਹੋਇਆ ਹੈ ਉਥੇ ਕੁਝ ਬੇਗੈਰਤ ਅਤੇ ਭਾਈਚਾਰੇ ਨੂੰ ਸ਼ਰਮਸ਼ਾਰ ਕਰਨ ਵਾਲੇ ਲੋਕ ਧੋਖਾ-ਧੜੀ ਦੇ ਨਾਲ ਬਣਿਆ ਨਾਂਅ ਮਿੱਟੀ ਦੇ ਵਿਚ ਮਿਲਾ ਰਹੇ ਹਨ। ਕਾਫੀ ਸਮੇਂ ਤੋਂ ਇਹ ਵਾਪਰ ਰਿਹਾ ਸੀ ਇਕ ਧੋਖੇਬਾਜ਼ਾਂ ਦਾ ਅੰਤਰਰਾਸ਼ਟਰੀ ਗ੍ਰੋਹ ਇਥੇ ਆਪਣੇ ਕਰਿੰਦਿਆਂ ਦੀ ਸਹਾਇਤਾ ਨਾਲ ਲੋਕਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਨੁਮਾਇੰਦੇ ਬਣ ਕੇ ਨਕਲੀ ਫੋਨ ਕਾਲਾਂ ਕਰਦਾ ਸੀ ਅਤੇ ਕਈ ਤਰ੍ਹਾਂ ਦੇ ਵੀਜ਼ੇ, ਦੇਸ਼ ਵਾਪਸੀ ਅਤੇ ਹੋਰ ਜ਼ੁਰਮਾਨੇ ਦੇ ਡਰਾਵੇ ਦੇ ਕੇ ਪੈਸੇ ਕਢਵਾ ਲੈਂਦਾ ਸੀ। ਲੈਂਡ ਲਾਈਨ ਉਤੇ ਬਜ਼ੁਰਗਾਂ ਨੂੰ ਫੋਨ ਕਰਕੇ ਅਤੇ ਗੁੰਝਲਦਾਰ ਮਾਮਲਾ ਦੱਸ ਕੇ ਉਨ੍ਹਾਂ ਦੀ ਆਖਰੀ ਸਮੇਂ ਦੀ ਕਮਾਈ ਵੀ ਕਢਵਾ ਲੈਂਦਾ ਸੀ। ਪੁਲਿਸ ਅਤੇ ਜਾਂਚ-ਪੜ੍ਹਤਾਲ ਦਸਤੇ ਕਾਫੀ ਸਮੇਂ ਤੋਂ ਇਸ ਗ੍ਰੋਹ ਦੇ ਮਗਰ ਸਨ ਅਤੇ ਹੁਣ ਪੁਲਿਸ ਨੇ ਦੱਸਿਆ ਹੈ ਕਿ ਇਸ ਧੋਖਾਧੜੀ ਦੇ ਸਬੰਧ ਵਿਚ ਹੁਣ ਤੱਕ 13 ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। 12 ਲੋਕ ਨਕਲੀ ਕਾਲਾਂ ਦੇ ਚੱਕਰ ਵਿਚ ਫਸੇ ਹਨ। ਪੁਲਿਸ ਨੇ ਇਸ ਸਬੰਧ ਵਿਚ ਆਪ੍ਰੇਸ਼ਨ 'ਡੈਡਵੁੱਡ' ਚਲਾਇਆ ਸੀ। ਜਿਸਦਾ ਮਤਲਬ ਹੁੰਦਾ ਹੈ ਕਿ ਹਰੇ-ਭਰੇ ਦਰੱਖਤ ਦੇ ਨਾਲ ਉਹ ਬੇਲੋੜੀ ਮਰੀ ਹੋਈ ਲੱਕੜੀ ਜਿਸ ਦੀ ਜਰੂਰਤ ਨਹੀਂ। ਇਸ ਸਕੈਮ ਦੇ ਵਿਚ ਟੈਲੀਫੋਨ ਕੰਪਨੀ 'ਸਪਾਰਕ' ਦਾ ਨਾਂਅ ਬਹੁਤ ਵਰਤਿਆ ਗਿਆ। ਪੁਲਿਸ ਨੇ ਹੁਣ ਤਿੰਨ ਹੋਰ ਸ਼ੱਕੀ ਦੋਸ਼ੀਆਂ ਦੀ ਭਾਲ ਲਈ ਨਾਂਅ ਅਤੇ ਤਸਵੀਰਾਂ ਜਾਰੀਆਂ ਕੀਤੀਆਂ ਹਨ ਜੋ ਕਿ ਭਾਰਤੀ ਮੂਲ ਦੇ ਜਾਪਦੇ ਹਨ। ਇਨ੍ਹਾਂ ਵਿਚ ਸ਼ਾਮਿਲ ਹਨ ਹਿਤੇਸ਼ ਸ਼ਰਮਾ (22), ਤੁਸ਼ਾਰ ਪ੍ਰਭਾਕਰ (21) ਅਤੇ ਮਨੀਸ਼ ਖਾਨ (24)। ਇਹ ਤਿੰਨੋ ਔਕਲੈਂਡ ਖੇਤਰ ਦੇ ਵਿਚ ਹੋਣ ਦੀ ਸੰਭਾਵਨਾ ਹੈ। ਜੁਲਾਈ ਮਹੀਨੇ ਇਸੇ ਤਰ੍ਹਾਂ ਦੇ ਇਕ ਸਕੈਮ ਵਿਚ ਇਕ 26 ਸਾਲਾ ਪੰਜਾਬੀ ਮੁੰਡੇ ਅਤੇ 28 ਸਾਲਾ ਪੰਜਾਬੀ ਕੁੜੀ ਦਾ ਨਾਂਅ ਵੀ ਆ ਚੁੱਕਾ ਹੈ । ਇਹ ਸਾਰਾ ਮਾਮਲਾ ਹਵਾਲਾ ਕਾਰੋਬਾਰ ਨਾਲ ਵੀ ਜੁੜਿਆ ਹੈ ਅਤੇ ਇਸਦੀਆਂ ਤਾਰਾਂ ਦੂਰ ਤੱਕ ਜੁੜੀਆਂ ਹਨ। ਸੋ ਅਜਿਹੇ ਦੋਸ਼ੀ ਲੋਕਾਂ ਨੂੰ ਕਰਦੇ ਹੁੰਦੇ ਸੀ ਰਿੰਗਾ, ਮਨਾਉਂਦੇ ਸੀ ਆਪਣੀਆਂ ਮੰਗਾ ਅਤੇ ਹੁਣ ਪੰਗੇ ਦੇ ਵਿਚ ਕਸੂਤੇ ਫਸੇ ਨਜ਼ਰ ਆ ਰਹੇ ਹਨ।

ਪੁਲਿਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਇਹ ਕਿਤੇ ਨਜ਼ਰ ਆਉਣ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਆਨ-ਲਾਈਨ ਸਕੈਮ ਵੀ ਜਾਰੀ ਰਹਿੰਦਾ ਹੈ ਅਤੇ ਕੀਵੀ ਪਿਛਲੇ ਸਾਲ 33 ਮਿਲੀਅਨ ਡਾਲਰ ਇਸ ਤਰ੍ਹਾਂ ਗੁਆ ਚੁੱਕੇ ਹਨ।

# ਫਾਦਰ ਟੌਬਿਨ ਸੀਨੀਅਰਜ਼ ਕਲੱਬ ਮੀਟਿੰਗ ਹੋਈ



ਬਰੈਂਪਟਨ, (ਡਾ. ਝੰਡ) -ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਦੇ ਜਨਰਲ ਸਕੱਤਰ ਬੰਤ ਸਿੰਘ ਰਾਓ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਕਲੱਬ ਦੀ ਮਹੀਨਾਵਾਰ ਇਕੱਤਰਤਾ 20 ਸਤੰਬਰ ਦਿਨ ਸ਼ੁਕਰਵਾਰ ਨੂੰ ਸ਼ਾਅ ਪਬਲਿਕ ਸਕੂਲ ਦੇ ਨੇੜਲੇ ਸਲੈਂਡ ਡੌਗ ਪਾਰਕ ਵਿਚ ਹੋਈ। ਚਾਹ-ਪਾਣੀ ਤੇ ਸਨੈਕਸ ਆਦਿ ਛਕਣ ਤੋਂ ਬਾਅਦ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਲਕ ਗੁਰਦੇਵ ਸਿੰਘ ਹੰਸਰਾ ਨੇ ਸਾਰੇ ਮੈਂਬਰਾਂ ਨੂੰ ਜੀ-ਆਇਆਂ ਕਿਹਾ ਅਤੇ ਉਨ੍ਹਾਂ ਨੂੰ ਇਸ ਇਕੱਤਰਤਾ ਦੇ ਉਦੇਸ਼ ਬਾਰੇ ਦੱਸਦਿਆ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਕਲੱਬ ਦੇ ਅਹੁਦੇਦਾਰਾਂ ਵੱਲੋਂ ਸਤੰਬਰ ਮਹੀਨੇ ਦੇ ਅਖ਼ੀਰ ਵਿਚ ਕਲੱਬ ਦੀ ਆਮਦਨ ਤੇ ਖ਼ਰਚ ਦਾ ਵੇਰਵੇ ਬਾਰੇ ਸਾਰੇ ਮੈਂਬਰਾਂ ਨੂੰ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ।

ਕਲੱਬ ਦੇ ਸਾਬਕਾ ਪ੍ਰਧਾਨ ਕਰਤਾਰ ਸਿੰਘ ਚਾਹਲ ਵੱਲੋਂ ਕਲੱਬ ਦੀ ਕਾਰਜਕਾਰਨੀ ਵੱਲੋਂ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਇਸ ਸਾਲ ਦੌਰਾਨ ਕੀਤੇ ਗਏ ਕੰਮਾਂ ਦੀ ਭਾਰੀ ਸਰਾਹਨਾ ਕੀਤੀ ਗਈ। ਉਨ੍ਹਾਂ ਵੱਲੋਂ ਕਲੱਬ ਦੀਆਂ ਲੇਡੀ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਅਤੇ ਉਸ ਤੋਂ ਬਾਅਦ ਮੰਚ-ਸੰਚਾਲਕ ਨੇ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਤੱਗੜ ਨੂੰ ਇਸ ਸਾਲ ਦੀ ਆਮਦਨ ਤੇ ਖ਼ਰਚੇ ਦਾ ਵੇਰਵਾ ਦੱਸਣ ਲਈ ਕਿਹਾ ਕਿਉਂਕਿ ਕਲੱਬ ਦੇ ਕੈਸ਼ੀਅਰ ਗੁਰਮੀਤ ਸਿੰਘ ਸੰਧੂ ਇਨ੍ਹੀਂ ਦਿਨੀਂ ਭਾਰਤ ਦੀ ਫੇਰੀ 'ਤੇ ਸਨ। ਤੱਗੜ ਸਾਹਿਬ ਵੱਲੋਂ ਇਹ ਵੇਰਵਾ ਪੂਰੇ ਵਿਸਥਾਰ ਵਿਚ ਦਰਸਾਇਆ ਗਿਆ ਜਿਸ ਦੀ ਸਾਰੇ ਮੈਂਬਰਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਉਪਰੰਤ, ਪ੍ਰਿੰ. ਰਾਮ ਸਿੰਘ ਕੁਲਾਰ ਵੱਲੋਂ ਗੁਰੂ ਨਾਨਕ ਦੇਵ ਜੀ ਅਤੇ ਸਿੱਖੀ ਸਿਧਾਂਤਾਂ ਬਾਰੇ ਬੜੇ ਭਾਵਪੂਰਤ ਤਰੀਕੇ ਨਾਲ ਸੰਗਤਾਂ ਨੂੰ ਜਾਣੂੰ ਕਰਾਇਆ ਗਿਆ ਜਿਸ ਦਾ ਸਾਰਿਆਂ ਨੇ ਬਹਤ ਅਨੰਦ ਮਾਣਿਆਂ। ਇਸ ਪ੍ਰੋਗਰਾਮ ਨੂੰ ਸਫ਼ਲ ਬਨਾਉਣ ਲਈ ਟਹਿਲ ਸਿੰਘ



ਮੁੰਡੀ, ਹਰੀ ਸਿੰਘ ਗਿੱਲ, ਬਲਬੀਰ ਸਿੰਘ ਧਾਰੀਵਾਲ, ਗੁਰਮੇਲ ਸਿੰਘ ਗਿੱਲ, ਨਿਰਮਲ ਸਿੰਘ ਢੱਡਵਾਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਮਾਗਮ ਦੇ ਅਖ਼ੀਰ ਵਿਚ ਆਏ ਮੈਂਬਰਾਂ ਦਾ ਇਕਬਾਲ ਸਿੰਘ ਘੋਲੀਆ ਵੱਲੋਂ ਧੰਨਵਾਦ ਕੀਤਾ ਗਿਆ।

ਅੰਤ ਵਿਚ ਮੰਚ-ਸੰਚਾਲਕ ਵੱਲੋਂ ਸੂਚਨਾ ਦਿੱਤੀ ਗਈ ਕਿ ਕਲੱਬ ਵੱਲੋਂ 28 ਸਤੰਬਰ ਦਿਨ ਸ਼ਨੀਵਾਰ ਨੂੰ ਗੁਰਦੁ-ਆਰਾ ਸਾਹਿਬ ਹੈਰੀਟੇਜ ਸੈਂਟਰ ਵਿਚ ਸਵੇਰੇ 10.00 ਵਜੇ ਤੋਂ 12.30 ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਅਤੇ ਗੁਰਬਾਣੀ ਦਾ ਕੀਰਤਨ ਕਰਾਇਆ ਰਿਹਾ ਹੈ। ਇਹ ਪ੍ਰੋਗਰਾਮ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਦਿਹੜੇ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਇਸ ਵਿਚ ਪਹੁੰਚਣ ਲਈ ਬੇਨਤੀ ਕੀਤੀ।

ਅਮਰੀਕੀ ਰਾਸ਼ਟਰਪਤੀ ਉਮੀਦਵਾਰ ਲਈ ਨਾਮਜ਼ਦਗੀ ਚੋਣ

# ਜਿਆਦਾਤਰ ਭਾਰਤੀ ਮੂਲ ਦੇ ਅਮਰੀਕੀ ਡੈਮੋਕਰੈਟਿਕ ਉਮੀਦਵਾਰ ਵਜੋਂ ਜੋਇ ਬਿਡੇਨ ਦੇ ਹੱਕ 'ਚ, ਕਮਲਾ ਹੈਰਿਸ ਪਛੜੀ



ਕੋਸਟਾ ਮੈਸਾ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-2020 ਵਿਚ ਹੋ ਰਹੀ ਰਾਸ਼ਟਰਪਤੀ ਚੋਣ ਲਈ ਹਾਲਾਂ ਕਿ ਭਾਰਤੀ ਮੂਲ ਦੇ ਜਿਆਦਾਤਰ ਅਮਰੀਕੀ ਡੈਮੋਕਰੈਟਿਕ ਉਮੀਦਵਾਰ ਵਜੋਂ ਜੋਇ ਬਿਡੇਨ ਦੇ ਹੱਕ ਵਿਚ ਨਜਰ ਆ ਰਹੇ ਹਨ ਪਰ ਫਿਰ ਵੀ ਨਾਮਜ਼ਦਗੀ ਚੋਣ ਵਿਚ ਤਿਕੋਨਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਸਾਬਕਾ ਉੱਪ ਰਾਸ਼ਟਰਪਤੀ ਬਿਡੇਨ ਤੋਂ ਇਲਾਵਾ ਦੂਸਰੇ ਦੋ ਉਮੀਦਵਾਰਾਂ ਵਿਚ ਸੈਨੇਟਰ ਅਲਿਜ਼ਾਬੈਥ ਵਾਰਨ ਤੇ ਸੈਨੇਟਰ ਬਰਨੀ ਸੈਂਡਰਜ਼ ਸ਼ਾਮਿਲ ਹਨ। ਭਾਰਤੀ ਮੂਲ ਦੇ ਅਮਰੀਕੀਆਂ ਵਿਚ ਕਮਲਾ ਹੈਰਿਸ ਪ੍ਰਤੀ ਕੋਈ ਜਿਆਦਾ ਖਿਚ ਵਿਖਾਈ ਨਹੀਂ ਦੇ ਰਹੀ। 31 ਅਗਸਤ ਤੋਂ 4 ਸਤੰਬਰ ਕੀਤੇ ਗਏ ਆਨ ਲਾਈਨ ਸਰਵੇਖਣ ਵਿਚ ਚੀਨੀ ਮੂਲ ਦੇ ਜਿਆਦਾਤਰ ਅਮਰੀਕੀ ਅਜੇ ਜਕੋਤਕੀ ਵਿਚ ਹਨ ਜਦ ਕਿ ਫਿਲਪੀਨੋ ਵੋਟਰਾਂ ਦਾ ਝੁਕਾਅ ਬਿਡੇਨ ਤੇ ਸੈਂਡਰਜ ਵੱਲ ਹੈ। ਐਪਲ ਡੈਮੋਕਰੈਟਿਕ ਪ੍ਰੈਜੀਡੈਂਸ਼ੀਅਲਫ ਫੋਰਮ ਦੇ ਸੁਪਰ ਪੈਸੀਫਿਕ ਐਪਲ ਵਿਕਟਰੀ ਫੰਡ ਵੱਲੋਂ ਸੇਗਰਸਟਾਰਮ ਸੈਂਟਰ ਫਾਰ ਆਰਟਸ ਵਿਖੇ ਏਸ਼ੀਅਨ ਅਮਰੀਕਨ ਤੇ ਪੈਸੇਫਿਕ ਦੀਪ ਸਮੂੰਹ ਦੇ ਵੋਟਰਾਂ ਸਬੰਧੀ ਇਹ ਸਰਵੇਖਣ ਬੀਤੇ ਦਿਨ ਜਾਰੀ ਕੀਤਾ ਗਿਆ। ਜਦੋਂ ਵੋਟਰਾਂ ਨੂੰ ਪੁੱਛਿਆ ਗਿਆ ਕਿ ਡੈਮੋਕਰੈਟਿਕ ਉਮੀਦਵਾਰ ਵਜੋਂ ਉਹ ਕਿਸ ਦੇ ਹਕ ਵਿਚ ਹਨ ਤਾਂ ਚੀਨੀ ਮੂਲ ਦੇ ਜਿਆਦਾਤਰ ਅਮਰੀਕੀ ਜਕੋਤਕੀ ਦੇ ਬਾਵਜੂਦ ਐਂਡਰੀਊ ਯਾਂਗ ਦੇ ਹੱਕ ਵਿਚ ਵਿਖਾਈ ਦਿੱਤੇ ਜਦ ਕਿ ਭਾਰਤੀ ਮੂਲ ਦੇ ਵੋਟਰਾਂ ਵਿਚ ਦੋ ਹਿੰਦੂ ਉਮੀਦਵਾਰਾਂ ਸੈਨੇਟਰ ਕਮਲਾ ਹੈਰਿਸ ਤੇ ਤੁਲਸੀ ਗਬਰਡ ਪ੍ਰਤੀ ਕੋਈ ਖਾਸ ਝੁਕਾਅ ਵੇਖਣ ਨੂੰ ਨਹੀਂ ਮਿਲਿਆ ਤੇ ਸਰਵੇ ਵਿਚ ਇਹ ਦੋਨੋਂ ਪੇਟ ਬੁਟੀਗੀਗ ਤੇ ਐਂਡਰੀਊ ਯਾਂਗ ਜੋ ਚੌਥੇ ਤੇ ਪੰਜਵੇਂ ਸਥਾਨ 'ਤੇ ਰਹੇ ਹਨ ਤੋਂ ਵੀ ਪੱਛੜ ਗਏ ਹਨ। ਰਜਿਸਟਰਡ ਵੋਟਰ ਜੋ ਵੱਖ ਵੱਖ ਉਮਰ ਵਰਗ ਵਿਚ ਵੰਡੇ ਹੋਏ ਹਨ, ਦਾ ਕਹਿਣਾ ਹੈ ਕਿ ਜੇਕਰ ਡੋਨਾਲਡ ਟਰੰਪ ਮੁੜ ਚੁਣੇ ਜਾਂਦੇ ਹਨ ਤਾਂ ਇਹ ਉਨਾਂ ਲਈ ਬਹੁਤ ਨਿਰਾਸ਼ਾਜਨਕ ਗੱਲ ਹੋਵੇਗੀ। 80% ਜਿਨਾਂ ਵਿਚੋਂ ਜਿਆਦਾਤਰ ਦਾ ਸਬੰਧ ਡੈਮੋਕਰੈਟਸ ਨਾਲ ਹੈ, ਨੇ ਸਪਸ਼ਟ ਸੰਕੇਤ ਦਿੱਤਾ ਕਿ ਉਹ ਟਰੰਪ ਦਾ ਵਿਰੋਧ ਕਰਦੇ ਹਨ। 88% ਲੋਕਾਂ ਲਈ ਨਫਰਤੀ ਅਪਰਾਧ ਅਹਿਮ ਮੁੱਦਾ ਹੈ ਤੇ ਉਹ ਇਸ ਮੁੱਦੇ ਉਪਰ ਟਰੰਪ ਦੀ ਪਹੁੰਚ ਨੂੰ ਰੱਦ ਕਰਦੇ ਹਨ।

# ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਬਣਾਏ ਜਾਣ ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਖੁਸ਼ੀ ਦਾ ਇਜ਼ਹਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਤਖਤ ਸ੍ਰੀ ਪਟਨਾ ਸਾਹਿਬ ਦੇ ਭਾਈ ਸਾਹਿਬ ਭਾਈ ਰਣਜੀਤ ਸਿੰਘ ਨੂੰ ਜਥੇਦਾਰ ਬਣਾਏ ਜਾਣ ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਖੁਸ਼ੀ ਦਾ ਇਜਹਾਰ ਕੀਤਾ ਗਿਆ। ਅਮਰੀਕਾ ਦੇ ਵੱਖ ਵੱਖ ਸਿਆਸੀ ਤੇ ਧਾਰਮਿਕ ਗੁਰਨਾਮ ਸਿੰਘ ਪੰਮਾ ਚੇਅਰਮੈਨ ਗੁਰੂ ਘਰ ਲਾਈਵ ਓਕ , ਗੁਰਮੇਜ ਸਿੰਘ ਗਿੱਲ ਯੂਬਾ ਸਿਟੀ ਸ. ਬਲਵੀਰ ਸਿੰਘ ਸੋਹਲ ਸਾਬਕਾ ਪ੍ਰਧਾਨ ਯੂਬਾ ਸਿਟੀ ਜਥੇਦਾਰ ਰੌਣਕ ਸਿੰਘ ਗੁਰੂ ਘਰ ਵਰਮੋਂਟ ਐਲ. ਏ., ਦਲਵੀਰ ਸਿੰਘ ਗਿੱਲ ਡਾਇਰੈਕਟਰਗੁਰੂ ਘਰ ਯੂਬਾ ਸਿਟੀ ਸ. ਬਿੱਕਰਮਜੀਤ ਸਿੰਘ ਖ਼ਾਲਸਾ ਸੁਖਵਿੰਦਰ ਸਿੰਘ ਅਬਲੋਵਾਲ ਸ. ਹਰਮਨਦੀਪ ਸਿੰਘ ਸਕੱਤਰ ਸ.ਮਲਕੀਅਤ ਸਿੰਘ ਗੋਸਲ਼ ਸ. ਸੁਖਵਿੰਦਰ ਸਿੰਘ ਸੇਣੀ ਸ. ਜਸਵੀਰ ਸਿੰਘ ਕੁਲਾਰ ਸ.ਪਿਆਰਾ ਸਿੰਘ ਗੋਸਲ਼ ਚਰਨਜੀਤ ਸਿੰਘ ਚੋਹਾਨ ਤੇ ਹੋਰ ਉੱਗੇ ਆਗੂਆਂ ਵੱਲੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਗੋਬਿੰਦ ਸਿੰਘ ਲੋਂਗੋਵਾਲ ਦਾ ਧੰਨਵਾਦ ਕਰਦੇਆਂ ਸਿੱਖ ਜਗਤ ਨੂੰ ਆਮ ਪਰਵਾਰ ਚੋ ਤਖਤ ਸਾਹਿਬ ਦੇ ਜਥੇਦਾਰ ਥਾਪੇ ਜਾਣ ਤੇ ਵਧਾਈਆਂ ਦਿੱਤੀਆਂ ਪ੍ਰਸਿੱਧ ਕਥਾਵਾਚਕ ਗਿਆਨੀ ਰਣਜੀਤ ਸਿੰਘ ਦਾ ਜਨਮ ਪਿਤਾ ਜਵੰਦ ਸਿੰਘ ਬਾਜਵਾ ਤੇ ਮਾਤਾ ਸੁਵਰਨ ਕੌਰ ਦੇ ਘਰ ਪਿੰਡ ਦੌਲਤਪੁਰ (ਜ਼ਿਲਾ ਗੁਰਦਾਸਪੁਰ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਨੇ ਬ੍ਰਿਟਿਸ਼ ਫੌਜ ਵਿਚ ਦੂਜੀ ਵੱਡੀ ਜੰਗ ਦੌਰਾਨ ਜਾਪਾਨ, ਮਲੇਸ਼ੀਆ ਆਦਿ ਦੇਸ਼ਾਂ ਦੇ ਯੁੱਧਾਂ ਵਿਚ ਹਿੱਸਾ ਲਿਆ ਸੀ। ਮਾਤਾ-ਪਿਤਾ ਅੰਮ੍ਰਿਤਧਾਰੀ ਸਨ। ਰਣਜੀਤ ਸਿੰਘ ਨੇ 5 ਸਾਲ ਦੀ ਉਮਰ 'ਚ ਹੀ ਅੰਮ੍ਰਿਤਪਾਨ ਕੀਤਾ। ਪਿਤਾ ਦੀ ਨੌਕਰੀ ਫੌਜ ਵਿਚ ਹੋਣ ਕਰ ਕੇ ਰਣਜੀਤ ਸਿੰਘ ਨੂੰ ਵੱਖ-ਵੱਖ ਥਾਂਵਾਂ 'ਤੇ ਪੜ੍ਹਾਈ ਕਰਨੀ ਪਈ। ਉਨ੍ਹਾਂ ਨੇ ਰਾਂਚੀ ਯੂਨੀਵਰਸਿਟੀ ਦੇ ਪ੍ਰਬੰਧ ਹੇਠਲੇ ਆਰ.ਐੱਸ.ਪੀ. ਕਾਲਜ, ਝਰੀਆ (ਧਨਬਾਦ) ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। 1984 'ਚ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਰਣਜੀਤ ਕੌਰ ਨਾਲ ਹੋਇਆ। ਮਸਕੀਨ ਜੀ ਪਿਛਲੇ 13 ਸਾਲਾਂ ਤੋਂ ਉਹ ਸ੍ਰੀ ਦਰਬਾਰ ਸਾਹਿਬ ਹਾਲ ਮੰਜੀ ਸਾਹਿਬ ਵਿਖੇ ਵੀ ਕਥਾ ਦੀ ਸੇਵਾ ਨਿਭਾਉਂਦੇ ਆ ਰਹੇ ਹਨ।

# ਰਾਮ ਜਨਮ ਭੂਮੀ ਵਾਲੇ ਕੇਸ ਦਾ ਫੈਸਲਾ ਨਵੰਬਰ 'ਚ ਆ ਜਾਵੇਗਾ

ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਅਯੁੱਧਿਆ ਵਿਚਲੇ ਰਾਮ ਜਨਮ ਭੂਮੀ ਉੱਤੇ ਮਾਲਕੀ ਹੱਕ ਦੇ ਮੁਕੱਦਮੇ ਦਾ ਫੈਸਲਾ ਢਾਂਚਾ ਢਾਹੁਣ ਦੇ ਮਾਮਲੇ ਵਿੱਚ ਚੱਲਦੇ ਅਪਰਾਧਿਕ ਕੇਸ ਤੋਂ ਪਹਿਲਾਂ ਆ ਸਕਦਾ ਹੈ, ਕਿਉਂਕਿ ਜ਼ਮੀਨ 'ਤੇ ਮਾਲਕੀ ਹੱਕ ਦੇ ਮੁਕੱਦਮੇ ਦੀ ਸੁਣਵਾਈ 18 ਅਕਤੂਬਰ ਤੱਕ ਪੂਰੀ ਹੋ ਜਾਵੇਗੀ। ਸੁਣਵਾਈ ਕਰ ਰਹੇ ਬੈਂਚ ਦੇ ਮੁਖੀ ਚੀਫ ਜਸਟਿਸ ਰੰਜਨ ਗੋਗੋਈ 17 ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ, ਇਸ ਲਈ ਫੈਸਲਾ ਉਨ੍ਹਾਂ ਦੀ ਸੇਵਾਮੁਕਤੀ ਤੋਂ ਪਹਿਲਾਂ ਆਵੇਗਾ। ਬਾਬਰੀ ਮਸਜਿਦ ਢਾਂਚਾ ਢਾਹੁਣ ਦੇ ਮਾਮਲੇ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਵੀ 30 ਸਤੰਬਰ ਨੂੰ ਸੇਵਾਮੁਕਤ ਹੋ ਰਹੇ ਹਨ, ਪਰ ਉਨ੍ਹਾਂ ਦਾ ਕਾਰਜਕਾਲ ਕੇਸ ਦੀ ਸੁਣਵਾਈ ਪੂਰੀ ਹੋਣ ਤੱਕ ਵਧਾ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੂੰ ਸੁਣਵਾਈ ਪੂਰੀ ਹੋਣ ਵਿੱਚ ਛੇ ਸੱਤ ਮਹੀਨੇ ਦਾ ਹੋਰ ਸਮਾਂ ਲੱਗਣ ਦੀ ਗੱਲ ਕਹੀ ਸੀ। ਇਸ ਲਈ ਸਾਫ ਹੈ ਕਿ ਅਯੁੱਧਿਆ ਅਤੇ ਰਾਮ ਜਨਮ ਭੂਮੀ 'ਤੇ ਮਾਲਕੀ ਦੇ ਕੇਸ ਦੀ ਸੁਣਵਾਈ ਦੀਵਾਲੀ ਤੋਂ ਪਹਿਲਾਂ ਪੂਰੀ ਹੋ ਜਾਵੇਗੀ ਅਤੇ ਫੈਸਲਾ ਦੀਵਾਲੀ ਤੋਂ ਬਾਅਦ ਨਵੰਬਰ ਦੇ ਮੱਧ ਤੱਕ ਆ ਜਾਵੇਗਾ। ਇਸ ਮਾਮਲੇ 'ਤੇ ਰੋਜ਼ ਸੁਣਵਾਈ ਕਰ ਰਹੀ ਸੰਵਿਧਾਨਕ ਬੈਂਚ ਨੇ ਪਿਛਲੇ ਹਫਤੇ ਸਾਰੀਆਂ ਧਿਰਾਂ ਨੂੰ ਕਿਹਾ ਸੀ ਕਿ ਮਿਲ ਕੇ ਕੋਸ਼ਿਸ਼ ਕਰਨ ਕਿ ਸੁਣਵਾਈ 18 ਅਕਤੂਬਰ ਤੱਕ ਪੂਰੀ ਹੋ ਜਾਵੇ। ਸੁਣਵਾਈ ਪੂਰੀ ਹੋਣ ਤੋਂ ਬਾਅਦ ਫੈਸਲੇ ਲਈ ਕੋਰਟ ਦੇ ਕੋਲ ਲਗਭਗ ਇਕ ਮਹੀਨੇ ਦਾ ਸਮਾਂ ਬਚੇਗਾ।

# ਆਰਟ ਐਂਡ ਕਰਾਫ਼ਟ ਮੇਲਾ ਹੋਰ ਜ਼ਿਲ੍ਹਿਆਂ ਲਈ ਬਣੇਗਾ ਮਿਸਾਲ : ਬਰਾੜ





ਫ਼ਰੀਦਕੋਟ, 24 ਸਤੰਬਰ (ਗਿਆਨ ਸਿੰਘ): ਮਾਨਯੋਗ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਟਿੱਲਾ ਬਾਬਾ ਫ਼ਰੀਦ ਪ੍ਰਬੰਧਕੀ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ 12 ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਬੜੀ ਸ਼ਰਧਾਂ ਤੇ ਉਤਸ਼ਾਹ ਪੂਰਵਕ ਮਨਾਉਣ ਤੇ ਆਪਣੀ ਵਧਾਈ ਦਿੱਤੀ ਹੈ। ਇਹ ਪ੍ਰਗਟਾਵਾ ਓ.ਐਸ.ਡੀ ਟੂ ਮੁੱਖ ਮੰਤਰੀ ਪੰਜਾਬ ਸੰਦੀਪ ਸਿੰਘ ਬਰਾੜ ਨੇ ਗੁਰ-ਦੁਵਾਰਾ ਗੋਦੜੀ ਸਾਹਿਬ ਵਿਖੇ ਕਰਵਾਏ ਗਏ ਧਾਰਮਿਕ ਪ੍ਰੋਗਰਾਮਾਂ ਦੀ ਸਮਾਪਤੀ ਤੇ ਡਿਪਟੀ ਕਮਿਸ਼ਨਰ ਸ਼੍ਰੀ ਕੁਮਾਰ ਸੌਰਭ ਰਾਜ, ਆਈ.ਏ. ਐਸ ਅਤੇ ਪੰਜਾਬ ਦੀਆਂ ਤਿੰਨ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਦਾ ਸਨਮਾਨ ਕਰਨ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਬਾਬਾ ਫ਼ਰੀਦ ਆਗਮਨ ਪੁਰਬ ਤੇ ਪਹਿਲੀ ਵਾਰ ਕਰਵਾਏ ਗਏ ਆਰਟ ਐਂਡ ਕਰਾਫ਼ਟ ਮੇਲੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਫ਼ਰੀਦਕੋਟ ਵਾਸੀਆਂ ਲਈ ਸੌਗਾਤ ਤੋਂ ਘੱਟ ਨਹੀਂ ਅਤੇ ਇਹ ਮੇਲਾ 28 ਸਤੰਬਰ 2019 ਤੱਕ ਚੱਲਗੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸੁਰੱਖਿਆ ਅਤੇ ਹੋਰ ਬੰਦੋਬਸਤ ਵਧੀਆ ਤਰੀਕੇ ਨਾਲ ਕੀਤੇ ਗਏ ਹਨ। ਆਰਟ ਐਂਡ ਕਰਾਫ਼ਲ ਮੇਲਾ ਹੋਰ ਜ਼ਿਲ੍ਹਿਆਂ ਲਈ ਵੀ ਪ੍ਰੇਰਣਾ ਦਾ ਕਾਰਣ ਬਣੇਗਾ। ਓ.ਐਸ.ਡੀ ਵੱਲੋਂ ਦਾਣਾ ਮੰਡੀ ਵਿਖੇ ਕਰਵਾਏ ਗਏ ਮੇਲੇ 'ਚ ਸੂਫ਼ੀਆਨਾ ਸ਼ਾਮ, ਸਭਿਆਚਾਰਕ ਪ੍ਰੋਗਰਾਮਾਂ 'ਚ ਤਿੰਨ ਵਾਰ ਹਾਜ਼ਰੀ ਲਗਵਾਈ।

Tri-City Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ

ਫੋਨ: 416 802 5866

Tel: 905.793.5777

31 Melanie Dr. Unit #4 Brampton, ON L6T 5H8

Avtar Singh Tiwana
Sales Rep.



FOR SALE

$1,279,900

Mcvean / Castlemore

3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਉਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।


FOR SALE

Tri-City Professional Realty Inc., Brokerage

$129,900

Darcel/Brandon Gate

ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




FOR SALE

$3,249,000

Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


KINGS FORCE TRANSPORT
SKYDOME GROUP OF COMPANIES
AIRPORT NISSAN
Charger logistics inc
Blue Diamond
ENTERTAINMENT GROUP INC.
PRESENTS
KADIR THIND
JASSI KAUR
KAMAL KHAN
SURINDER SHINDA
SHARRY MANN
HIMMAT SANDHU
GURVINDER BRAR
AMAR SEHMBI
PREETO & RAJVIR SAWHNEY BOPORAI (MC)
BHAKNA COMEDIAN
DIWALI
Free MELA
MUSIC FEST 2019
29 SUNDAY SEPTEMBER
@SHERIDAN COLLEGE GROUNDS (BRAMPTON)
FREE EVENT
FIREWORK DISPLAY
LIVE CONCERT
KIDS ZONE
LOTS OF ENTERTAINMENT
DIWALI BAZAAR
FOR MORE INFORMATION AND SPONSORSHIP CALL
(905) 699-9393
ID MEDIA
DESIGNED BY DALBIR DHALIWAL
SINGH MEDIA
media ORANGE


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr


APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
• STAMP CONCRETE • INTERLOCK • DRIVEWAY
• PLAIN CONCRETE • LAND SCAPE • SIDEWALK
• STEPS/SIDE ENTRANCE • SODING • PATIO
647-575-6102
Email: apexconstruc16@gmail.com
Laddi


You can
Place Your Business Here
To Reach Wider Audience
For more info Call 905-793-2202 or e-mail ads@punjabipost.ca


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

